॥ ੧ੴ ਵਾਹਿਗੁਰੂ ਜੀ ਕੀ ਫਤਹ ॥

ਸੂਬਤ ਗੁਰਦੁਆਰਿਆਂ ਦੇ ਫੋਟੋ, ਨਕਸ਼ਾ
ਅਤੇ ਭਵਿਖਤ ਵਾਕਾਂ ਸਮੇਤ ।

# ਹਜ਼ੂਰੀ ਦੀਦਾਰੇ

॥ ਦੋਹਿਰਾ ॥

ਨਾਨਕ ਗੁਰੂ ਗੋਬਿੰਦ ਸਿੰਘ ਜੀ ਪੂਰਨ ਗੁਰੂ ਔਤਾਰ ।
ਜਗ ਮਗ ਜੋਤ ਬਿਰਾਜਰਹੀ ਸ੍ਰੀ ਅਬਚਲਨਗਰ ਅਪਾਰ ॥

*
*
*

ਜਿਸ ਨੂੰ :— ਸੰਤ ਬਾਬਾ ਹਰਨਾਮ ਸਿੰਘ ਜੀ ਸੇਵਕ ਗੁਰਦੁਆਰਾ ਲੰਗਰ ਸਾਹਿਬ ਜੀ ਨੇ ਸ੍ਰੀ ਤਖਤ ਸਾਹਿਬ ਜੀ ਦੀ ਸੋਭਾ ਸਤਿਕਾਰ ਤੇ ਗੁਰੂਮਤ ਪ੍ਰਚਾਰਦੇ ਵਾਧੇ ਲਈ ਸੰਗਤਾਂ ਦੇ ਲਾਭ ਹਿਤ ਪ੍ਰਕਾਸ਼ਤ ਕੀਤਾ ।

*
*
*

ਸਭ ਹਕ ਰਾਖਵੇਂ ਹਨ । ਆਗਿਆ ਬਿਨਾ ਕੋਈ ਨਾ ਛਾਪੇ ॥

—ਭੇਟਾ ਅਠ ਆਨੇ

Digitized by Panjab Digital Library | www.panjabdigilib.org

# ਸਮਰਪਨ


ਸੱਚਖੰਡ ਹਜ਼ੂਰੀ ਯਾਤਰਾ ਸਬੰਧਤ ਹਜ਼ੂਰੀ ਦੀਦਾਰੇ ਪੁਸਤਕ ਕੋ ਪੜ੍ਹਕਰ ਅਤਿਅੰਤ ਹੀ ਖੁਸ਼ੀ ਹੋਈ ਹੈ ਕਿ ਸ਼੍ਰੀਮਾਨ ੧੦੮ ਸੰਤ ਬਾਬਾ ਹਰਨਾਮਸਿੰਘ ਜੀ ਮਹੰਤ ਗੁਰਦੁਆਰਾ ਲੰਗਰ ਸਾਹਿਬ ਜੀ ਨੇ ਸੱਚਖੰਡੀ ਯਾਤਰਾ ਕੋ ਮੁਖ ਰਖਤੇ ਹੋਏ ਇਤਹਾਸ ਕੀ ਕਾਫੀ ਖੋਜ ਪੜਤਾਲ ਕੇ ਬਾਦ ਯੇ ਕਿਤਾਬ ਤਿਆਰ ਕੀ ਹੈ। ਔਰ ਵਾਕਈ ਯਾਤਰੂਉਂ ਕੀ ਭਾਰੀ ਜ਼ਰੂਰਤ ਕੋ ਪੂਰਾ ਕੀਆ ਹੈ। ਵਾਰਤਕ ਇਤਹਾਸ ਕੇ ਬਾਬ ਕਵਿਤਾ ਕੀ ਰਚਿਤ ਐਸੀ ਅਨਭਵ ਹੋਤੀ ਹੈ ਜੈਸੇ 'ਸੋਨੇ ਪਰ ਸੁਹਾਗਾ' ਜਹਾਂ ਹਰ ਇਕ ਗੁਰਦੁਆਰੇ ਕੇ ਸੁੰਦਰ ਫੋਟੋ ਦੀਏ ਹੈ ਵਹਾਂ ਹਰ ਗੁਰਦੁਆਰੇ ਕੀ ਸੇਵਾ ਬਾਰੇ ਗੁਰਮਤੀ, ਵਿਦਅਕ ਭਾਈ ਚਾਰਕ ਸੁਧਾਰਕ ਬੜੇ ਪ੍ਰੇਮ ਔਰ ਹਮਦਰਦੀ ਸਹਿਤ ਵਰਨਨ ਕਰਕੇ ਪੰਥ ਖਾਲਸਾ ਔਰ ਪਰਬੰਧ ਕੋ ਚੜ੍ਹਦੀਆਂ ਕਲਾਂ ਵਿਖੇ ਲਿਆਨੇ ਦੀ ਚਿਤਾਵਨੀ ਭੀ ਕੀਤੀ ਹੈ। ਹਮਕੋ ਜਿਆਦਾ ਇਸਬਾਤ ਕੀ ਖੁਸ਼ੀ ਹੈ। ਜਹਾਂ ਆਪ ਗੁਰਦੁਆਰਾ ਲੰਗਰ ਸਾਹਿਬ ਜੀ ਕੇ ਮਹਾਨ ਸੇਵਾ ਕੀ ਵਡੀ ਆਈ ਹੈ। ਪਰਾਪਤ ਕਰ ਰਹੇ ਹੈਂ ਬੜੇ ਸ਼ੀਲ ਸੁਭਾ ਨਾਮ ਬਾਣੀ ਦੇ ਰਸੀਏ ਗੁਰਮੁਖ ਮਹਾਤਮਾ ਪੰਥ ਦਰਦੀ ਅਤੇ ਹਰ ਮਨ ਪਿਆਰੇ ਹੋਣ ਕਰਕੇ ਆਪ ਕੋ ਸੱਚਖੰਡ ਹਜ਼ੂਰੀ ਖਾਲਸਾ ਦੀਵਾਨ ਕੀ ਪਰਧਾਨਗੀ ਕਾ ਮਾਨ ਭੀ ਪਰਾਪਤ ਹੈ। ਦੀਵਾਨ ਆਪ ਜੀ ਦੀ ਇਸ ਪੰਥਕ ਸੇਵਾ ਦਾ ਅਤੀ ਧੰਨਵਾਦੀ ਹੈ। ਔਰ ਆਸ ਕਰਦਾ ਹੈ ਜੋ ਸ਼੍ਰੀਮਾਨ ਜੀ ਹਜ਼ੂਰੀ ਖਾਲਸੇ ਕੀ ਉਨਤੀ ਵ ਤੱਰਕੀ ਕੇ ਲੀਏ ਸਦੀਵ ਕਾਲ ਕੋਸ਼ਸ ਜਾਰੀ ਰਖੇਂਗੇ।

ਗੁਰੂ ਪੰਥ ਕੇ ਦਾਸ

ਮੀਤ ਪ੍ਰਧਾਨ :- ਹਰੀਸਿੰਘ                    ਸਕਤ੍ਰ :- ਮੋਹਨਸਿੰਘ

ਸੱਚਖੰਡ ਹਜ਼ੂਰੀ ਖਾਲਸਾ ਦੀਵਾਨ

Digitized by Panjab Digital Library | www.panjabdigilib.org




Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ

# ਕਰਨੀ ਨਾਮਾ

**ਅਰਥਾਤ :– ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਭਵਿੱਖਤ ਬਚਨ ਮੱਕੇ ਵਿਚ ਰੁਕਨ ਦੀਨ ਨਾਲ**

ਨਾਨਕ ਆਖੇ ਰੁਕਨਦੀਨ ਸਚਾ ਸੁਣਹੁ ਜਵਾਬ । ਪੜ੍ਹੈ ਸੁਣਹਿ ਜੋ ਪ੍ਰੀਤ ਕਰ ਛੂਟੈ ਸਭ ਅਜਾਬ ॥ ੧ ॥
ਦਸਵਾਂ ਜਾਂਮਾ ਪਹਨਕਰ ਬੈਠੋਂ ਪੁਰ ਕਰਤਾਰ । ਔਰੰਗਜੇਬ ਪਾਤਸ਼ਾਹ ਸੋਂ ਜੁਧ ਕਰੌਂ ਬਹੁਬਾਰ ॥ ੨ ॥
ਟੁਕ ਬਲ ਅਪਣਾ ਦੇਇਕੇ ਭੇਜ ਦੇਆਂਗਾ ਸਿੰਘ । ਦੇਖ ਉਨਾਂ ਨੂੰ ਬੋਲਸੀ ਪਾਤਸ਼ਾਹ ਨੌਰੰਗ ॥ ੩ ॥
ਦੇਖ ਉਨਾਂ ਬਲ ਘਟਿਸੀ ਭੁਲ ਗਯੇ ਨੇ ਫੰਧ । ਅਗੇ ਪੈਦਾ ਕਿੰਉ ਕੀਉ ਭਲੋ ਨ ਕੀਓ ਗੋਬਿੰਦ ॥ ੪ ॥
ਅਲੋਪ ਹੋਵਾਂਗਾ ਰਾਜ ਦੇ ਮਨ ਥਾਪੋਂ ਗੋਬਿੰਦ । ਬਚਣ ਪਾਲ ਨਹੀ ਸਕੇਂਗੇ ਬਹੁਤ ਪੜੈਗੋ ਜੰਗ ॥ ੫ ॥
ਫ਼ੇਰ ਕਰੂੰਗਾ ਖਾਲਸਾ ਵਸੈ ਵਿਚ ਪੰਜ਼ਾਬ । ਬਰਨ ਚਾਰ ਕਾ ਏਕ ਰੂਪ ਦੇਖ ਕਰੋ ਮੈ ਆਪ ॥ ੬ ॥
ਮਾਝੇ ਦੇ ਵਿਚ ਹੋਵਸਨ ਲੂਟੈਂਗੇ ਲਾਹੋਰ । ਪੋਠੋਹਾਰ ਕੋ ਸਾਧਕੇ ਫਿਰ ਲੇਵੇਂਗੇ ਪਿਸ਼ੌਰ ॥ ੭ ॥
ਚੌਕੀ ਅਟਲ ਬਹਾਲਕੇ ਫਿਰ ਲੇਵੈਂ ਖੈਬਰ ਤੰਗ । ਜਲਾਲਾ ਬਾਦ ਕੋ ਜੀਤਕੈ ਫਿਰ ਕਾਬਲ ਹੋਵੇ ਜੰਗ ॥ ੮ ॥
ਕਾਬਲ ਰਾਜ ਬਹਾਲ ਕੈ ਗਜ਼ਨੀ ਕੋ ਫਿਰ ਲੇਹ । ਮੁਲਖ ਹਜਾਰਾ ਸਾਧਕੈ ਕੰਧਾਰ ਕੋ ਕੂਚ ਕਰੇਹ ॥ ੯ ॥
ਬਲਖ ਬੁਖਾਰਾ ਬਗਦਾਦ ਕੋ ਲੇਵੈ ਮਸਤ ਬਿਲੋਚ । ਉਨ ਮੁਲਖੋਂ ਕੋ ਸਾਧ ਕੈ ਜਬਤ ਹੋਵੇ ਸਬ ਲੋਕ ॥੧੦॥
ਮੱਕਾ ਮਦੀਨਾ ਰੂਮ ਕੋ ਮਰਹਟਾ ਭੀਲ ਫਿਰੰਗ । ਦਛਨ ਪੂਰਬ ਹਿੰਦ ਕੋ ਜੀਤ ਕਰਹਿਗੇ ਜੰਗ ॥੧੧॥
ਦਿਲੀ ਤਖਤ ਪਰ ਬਹੇਗੀ ਆਪ ਗੁਰੂ ਕੀ ਫੌਜ । ਛਤਰ ਫਿਰਾਵੈ ਸੀਸ ਪਰ ਬੜੀ ਕਰੈਗੀ ਮੌਜ ॥੧੨॥
ਉਦੇ ਅਸਤ ਤਕ ਰਾਜ ਹੋਇ ਹੋਰ ਨ ਰਹਸੀ ਕੋਇ । ਰਯਤ ਹੋਵੇ ਸਬ ਹੀ ਧਰਤੀ ਉਪਰ ਜੋਇ ॥੧੩॥
ਸਚੇ ਸਾਹਿਬ ਦੇ ਰਾਜਵਿਚ ਸਤਯੁਗ ਹੋਸੀ ਆਨ । ਤਾਬਿਆ ਚਲੇ ਜੋ ਪੰਥਕੀ ਖਾਇ ਨ ਜਮ ਕਾ ਬਾਨ ॥੧੪॥
ਫੌਜ ਚੜ੍ਹੇ ਅਕਾਲ ਕੀ ਮਕੜੀ ਨਿਆਈ ਹੋਇ । ਨੀਲਾ ਬਾਨਾ ਪਹਿਰਕੈ ਅਵਰ ਨ ਦਿਸਈ ਕੋਇ ॥੧੫॥
ਸੁਨਹ ਕਾਜ਼ੀ ਰੁਕਨਦੀਨ ਸਿੰਘ ਕਰੇਂਗੇ ਰਾਜ । ਮਲੇਛਸ਼ੇਖ ਸਭ ਨਿਵੇਗੇ ਪੀਰਮੁਰੀਦ ਸਹਾਬ ॥੧੬॥
ਏਕ ਨਾਮ ਸਭ ਜਪੈਗੇ ਦੇਖਨ ਆਵਹਿ ਆਪ । ਬੇਈਮਾਨ ਖੁਸ਼ਾਮਦੀ ਦੇਖ ਨ ਸਕੇਂ ਪ੍ਰਤਾਪ ॥੧੭॥
ਰਯਤ ਹੋਇ ਸਭ ਮਿਲਹਿਗੀ ਸੂਬੇ ਥਾਪਹਿ ਆਪ । ਧਰਤੀਦੇਵੇ ਅੱਨਧਨ ਦੇਵੇ ਡੱਨ ਕਰੇ ਜੋ ਪਾਪ ॥੧੮॥
ਗਊ ਦੁਧਬਹੁ ਦੇਇਗੀ ਪਰਬਤ ਦੇਵੇਂ ਲਾਲ । ਮੇਵੇ ਭੀ ਤਰੁ ਦੇਹਿੰਗੇ ਜਬ ਦੇਖੇ ਆਪ ਅਕਾਲ ॥੧੯॥
ਵਾਹਿਗੁਰੂ ਸਭ ਜਪੈਗੀ ਮੁਕਤ ਆਪਨੀ ਜਾਨ । ਧਰਮਸਾਲ ਬਹੁ ਹੋਇਗੀ ਛਪਹਿ ਮਸੀਤ ਕੁਰਾਨ ॥੨੦॥
ਕਸ਼ਮੀਰ ਅਰ ਤਿੱਬਤ ਕੰਧਾਰ ਯੋਗ ਈਰਾਨ । ਗਿਲਜਿਉਂ ਜ਼ੰਬਕ ਬਾਸਕ ਕਾਬਲ ਫਿਰਤ ਈਰਾਨ ॥੨੧॥
ਪ੍ਰਗਟ ਹੋਇਗਾ ਆਪਪ੍ਰਭ ਹਰਿਮੰਦਰ ਮਹਿ ਆਇ । ਨਾਮ ਕਹਾਵੈ ਵਾਹਿਗੁਰੂ ਸਿੰਘ ਮਿਲੈਂ ਸਭ ਆਇ ॥੨੨॥
ਸਚਾਪੁਰਖ ਅਖਾਇਕੇ ਵਿਚ ਦਿੱਲੀ ਬਹਿਜਾਇ । ਪਾਤਸ਼ਾਹੀ ਸੁਖ ਸਿਓ ਕਰੈ ਦੁਸਟ ਰਹੈ ਨ ਕਾਇ ॥੨੩॥
ਜਿਸ ਧਿਰ ਕੋਪਹਿ ਖਾਲਸਾ ਕੰਬਹਿ ਚੌਦਹ ਲੋਇ । ਚੌਦਾਂਸੌ ਸਹੰਸ੍ਰ ਬਰਖ ਰਾਜ ਇਸਤ੍ਰਾਂ ਹੋਇ ॥੨੪॥
ਮਾਇਆ ਇਕਠੀ ਕਰਕੇ ਦੇਵਹਿ ਲੰਗਰ ਲਾਇ । ਨੰਗਾ ਭੁਖਾ ਅਤਿਥੀਆਂ ਖਾਲੀ ਕੋਇ ਨ ਜਾਇ ॥੨੫॥
ਨਾਨਕ ਆਖਹਿ ਰੁਕਨਦੀਨ ਇਹ ਵਰਤੇਗੀ ਰੀਤ । ਕਰਨੀ ਨਾਮਾ ਜੋ ਪੜ੍ਹੇ ਵਧੇ ਸਾਹਿਬਸਿਉ ਪ੍ਰੀਤ ॥੨੬॥
ਦੋਹੀਫਿਰੈ ਅਕਾਲਕੀ ਨਿੰਦਕ ਟਿਕੈ ਨ ਕੋਇ । ਬਨ ਪਰਬਤ ਸਭ ਭਜੈਗੀ ਤਰਹਿ ਜਗਤ ਮੈ ਸੋਇ ॥੨੭॥
ਰਾਜ ਕਰਹਿਗਾ ਖਾਲਸਾ ਆਕੀ ਰਹੈ ਨ ਕੋਇ । ਖੁਆਰ ਹੋਇਸਭ ਮਿਲਹਗੇ ਬਚੈਸ਼ਰਨ ਜੋ ਹੋਇ ॥੨੮॥


ਪ੍ਰੇਮ ਭੇਟ ਵਲੋਂ ਦਾਸ

**ਸੰਤ ਬਾਬਾ ਹਰਨਾਮਸਿੰਘ ਜੀ**

**ਸ਼ੇਵਕ ਗੁਃ ਲੰਗਰ ਸਾਹਿਬ (ਸ੍ਰੀ ਹਜ਼ੂਰ ਸਾਹਿਬ ਨਾਂਦੇੜ**


Digitized by Panjab Digital Library | www.panjabdigilib.org

# ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ



Digitized by Panjab Digital Library | www.panjabdigilib.org

# ਗੁਰਦੁਆਰਾ ਲੰਗਰ ਸਾਹਿਬ ਨਾਂਦੇੜ



Digitized by Panjab Digital Library | www.panjabdigilib.org

ੴ ਸਤਿਗੁਰੂ ਪ੍ਰਸਾਦਿ

# ਹਜ਼ੂਰੀ ਦੀਦਾਰੇ

## * ਮੰਗਲਾ ਚਰਨ *

॥ ਦੋਹਰਾ ॥

ਆਦਿ ਅਕਾਲ ਨੂੰ ਬੰਦਨਾ । ਪੁਨ ਗੁਰ ਨਾਨਕ ਚੰਦ ॥
ਬਿਘਨ ਬਿਨਾਸਨ ਤਮ ਹਰਨ । ਗੁਰੂ ਗੋਬਿੰਦ ਸਿੰਘ ਕੌ ਬੰਦ ॥
ਆਦਿ ਪੁਰਖ ਸ੍ਰੀ ਵਾਹਿਗੁਰੂ । ਤਾਕੋ ਉਰ ਮਹਿ ਧਾਰ ॥
ਚਾਹਿਤ ਹੂ ਜਸ ਉਚਰਯੋਂ । ਗੁਰ ਬਿਘਨ ਬਿਨਾਸਨ ਹਾਰ ॥
ਮਾਲਕ ਪਾਲਕ ਜਗਤ ਕੇ । ਸ੍ਰੀ ਸਤਿਗੁਰ ਮਹਾਰਾਜ ॥
ਦਾਸ ਚਰਣ ਕਾ ਜਾਣਕੇ । ਆਪ ਸਵਾਰੋ ਕਾਜ ॥
ਕਿਰਪਾ ਸਾਗਰ, ਹੇ ਰਤਨਾਗਰ । ਜਗਤ ਉਜਾਗਰ ਨਮੋ ਨਮੋ ॥
ਕਰਣਾ ਕਰੀਓ ਭਰਮ ਨਿਵਰਿਓ । ਹੇ ਦੁਖ ਦਾਗਰ ਨਮੋ ਨਮੋ ॥
ਮਹਾਰਾਜਾ ਰਣਜੀਤ ਸਿੰਘ ਜੀ । ਸੇਵਕ ਗੁਰ ਕੇ ਜਾਨ ॥
ਤਨ, ਮਨ, ਧਨ, ਸਭ ਵਾਰ ਕੇ । ਸੇਵਾ ਕਰੀ ਮਹਾਨ ॥
ਸੁੰਦਰ ਮੰਦਰ ਸਾਜਿਓ । ਸੱਚਖੰਡ ਨਾਮ ਹਜ਼ੂਰ ॥
ਊਚੇ ਸੋਹੈ ਮਨ ਕੋ ਮੋਹੈ । ਭਇਓ ਨਾਮ ਮਸ਼ਹੂਰ ॥



Digitized by Panjab Digital Library | www.panjabdigilib.org

# * ਸ੍ਰੀ ਸੱਚਖੰਡ ਮਹਿਮਾ *

## ॥ ਕਬਿੱਤ ॥

ਕੈਸਾ ਸੋਹੈ ਆਲੀਸ਼ਾਨ, ਜਿਸ ਨਾਹਿ ਸਮ ਆਨ ।
ਸੱਚਖੰਡ ਗੁਰੂ ਧਾਮ, ਐਸੋ ਜਾਹਰਾ ਜ਼ਹੂਰ ਹੈ ॥

ਹਰੀ ਸੰਕਰ ਅਲਾਵੇ, ਪਾਰ ਸਾਟਦਾ ਨਾ ਪਾਵੇ ।
ਤਬੀ ਸ਼ੇਸ਼ ਨਾਗ ਗਾਵੇ, ਤੀਨ ਲੋਕ ਮਸ਼ਹੂਰ ਹੈ ॥

ਚੌਦਾ ਲੋਕ ਭਾਲ ਆਏ, ਬ੍ਰਹਮ ਪੁਰੀ ਮੇਂ ਜਾਇ ।
ਐਸੋ ਨ ਸੁਹਾਇ ਜੀ, ਜੈਸੇ ਇਹੁ ਹਜ਼ੂਰ ਹੈ ॥

ਚਮੱਕ ਦਮੱਕ ਦੇਖ ਸੂਰ, ਸਰਮਾਏ ਜੀਆ ।
ਕੋਟ ਕੋਟ ਕੋਟ ਲਾਖੋਂ, ਜੈਸੈ ਕੋਹਿ ਨੂਰ ਹੈ ॥

ਖੰਡ ਓ ਪ੍ਰਚੰਡ, ਖੜਗ ਕੁਵੰਡ ਧਰੇ ।
ਖੰਜਰ ਤੁਫੰਗ ਤੋ ਨਿਖੰਗ ਕੋ ਮਿਲਾਇਓ ਹੈ ॥

ਤੀਖਨ ਕ੍ਰਿਪਾਨ ਜਾਨ, ਸ਼ਕਤੀ ਸਰੋਹੀ ਮਾਨ ।
ਸਾਂਗ ਸੈਫ ਸ਼ਾਨ, ਐਸੇ ਰਿਪਨ ਕੋ ਘਾਇਓ ਹੈ ॥

ਪੇਚ ਓ ਕਬਜ਼ ਕਰੇ, ਰਿਪਨ ਕਬਜ਼ ਜਾਨ ।
ਤੀਰ ਵ ਚਕਰ ਤੇ, ਫਨੰਦ ਸਮ ਗਾਇਓ ਹੈ ॥

ਐਸੀ ਜਮਧਾਰ ਤੋ ਕਟਾਰ ਰੂਪ ਕਾਲ ਘਾਇ ।
ਭਾਲੇ ਢਾਲੇ ਨਾਗਨੀ, ਬਚਿਤ੍ਰ ਬਨਾਇਓ ਹੈ ॥



Digitized by Panjab Digital Library | www.panjabdigilib.org

## ॥ ਚੌਪਈ ॥

ਹੀਰੇ ਮੋਤੀ ਜਰੇ ਜਵਾਹਰ, ਜਗਮਗ ਜੋਤ ਜਗੈ ਤਹਿ ਜਾਹਿਰ ।
ਝਲਮਲ ਝਲਮਲ ਕਰਤ ਸੁਹਾਵੇ, ਪੇਖ ਸਸੀ ਜੀਅ ਮਹਿ ਸ਼ਰਮਾਵੇ ।
ਪੌਰ ਫਰਸ਼ ਸੰਗ ਮਰਮਰ ਜਾਨੋ, ਇੰਦਰ ਲਜਤ ਪੇਖ ਤਖਤ ਮਹਾਨੋ ।
ਸੋਨੇ ਸੰਗ ਤਹਿ ਬੇਲ ਬਨੀ ਹੈ, ਚਤਰੰਗ ਲੀਲਾ ਅਜਬ ਗਨੀ ਹੈ ।
ਮੋਰ ਚਕੋਰ ਕਪੋਤ ਰੁਪਹਿਰੀ, ਚਮਕ ਰਹੀ ਹੈ ਛਾਤ ਸੁਨੈਹਰੀ ।
ਝੂਲਤ ਸ੍ਰੀ ਨਿਸ਼ਾਨ ਤਹਿ ਸੋਹੈ, ਕਲਸ ਸੁਨੈਹਰੀ ਅਤਿ ਮਨ ਮੋਹੈ ।
ਪਚੀ ਸੰਗਮਰਮਰ ਅਤਿ ਚਤ੍ਰਗਨ, ਭਲੀ ਭਾਂਤ ਤਹਿ ਸੋਹੈ ਬਿਹੰਗਨ ।
ਅਬਚਲ ਨਗਰ ਹੈ ਸੱਚਖੰਡ ਨਾਮੰ, ਅਪਰ ਅਪਾਰ ਉਪਮਾ ਗੁਰਧਾਮੰ ।
ਸ੍ਰੀ ਗੁਰੂ ਗ੍ਰੰਥ ਜੋਤ ਪ੍ਰਕਾਸੰ, ਹਾਜ਼ਰ ਹਜ਼ੂਰ ਅਤਿ ਹੀ ਅਭਿਨਾਸੰ ।
ਸੇਵਕ ਜਨ ਗਨ ਚਵਰ ਢੁਲਾਵੈ, ਅਤੀ ਸੁਗੰਧਤ ਧੂਪ ਧੁਖਾਵੈ ।
ਘਨਨ ਘਨਨ ਜਬ ਉਠੇ ਗੁੰਜ਼ਾਰਾ, ਸ੍ਰੀ ਸਤਿਗੁਰ ਕਾ ਜਬ ਬਜੇ ਨਗਾਰਾ ।
ਧਰਤ ਅਕਾਸ਼ ਗੂੰਜ਼ੇ ਗਿਰਭਾਰਾ, ਸਿੰਘਨ ਕਾ ਜਬ ਬਜੇ ਜੈਕਾਰਾ ।
ਆਸਾਵਾਰ ਰਾਗੀਸਿੰਘ ਗਾਵਤ, ਗਨਕਿਨਰ ਜੀਅ ਮਹਿ ਸ਼ਰਮਾਵਤ ।
ਕਲਗੀ ਸ੍ਰੀ ਸਤਿਗੁਰ ਕੀ ਸੋਹੈ ਪਿਖ ਅਨੰਦ ਅਤਿ ਹੀ ਸੁਖਹੋਵੈ ।
ਚਾਰੋਂ ਉਰ ਜਵ ਖੁਲੇ ਕਿਵਾਰਾ, ਅਦਭੁਤ ਲੀਲਾ ਅਜਬ ਨਜ਼ਾਰਾ ।
ਸਿਖ ਸਿਖਨੀ ਜੋ ਦਰਸ਼ਨ ਕਰ ਹੈ, ਸਤਿਗੁਰ ਖਾਲੀ ਝੋਲੀ ਭਰ ਹੈ ।
ਚਾਰ ਪਦਾਰਥ ਸਤਿਗੁਰ ਸਰਨੰ, ਨਮੋ ਨਮੋ ਸ੍ਰੀ ਸਤਿਗੁਰ ਚਰਨੰ ।
ਚੌਦਾ ਲੋਕ ਮਾਹਿ ਅਤਿ ਸੁੰਦਰ, ਦਰਸ ਕੀਏ ਮਿਟ ਹੈ ਦੁਖ ਦੁੰਦਰ ।
ਡਿਉੜੀ ਪਰ ਤਹਿ ਨੌਬਤ ਬਾਜੇ, ਡਿਮਕ ੨ ਅਤਿ ਹੀ ਸੁਰ ਗਾਜੇ ।
ਬੀਨਾਸੁਰ ਸਮ ਬਜੇ ਤੂਤਰੀ, ਛਨਕ ਛਨਕ ਕਰ ਛਨਕ ਨੂਪਰੀ ।
ਸੱਚਖੰਡ ਇਸ ਵਿਧ ਨਾਮ ਬਖਾਨਾ, ਸਤਿਗੁਰ ਅੰਤਮਕੀਓ ਪਯਾਨਾ ।



Digitized by Panjab Digital Library | www.panjabdigilib.org

## ॥ ਬੈਂਤ ॥

ਸੱਚਖੰਡ ਦਰਬਾਰ ਦੀ ਬਹੁਤ ਉਪਮਾਂ ।
ਗਾਈ ਦਾਸ ਨੇ ਤੁਛ ਉਚਾਰ ਭਾਈ ।
ਨਾ ਕੋਈ ਸਮਝ ਤੇ ਨਾ ਹੀ ਚਤੁਰ ਬੁਧੀ ।
ਕ੍ਰਿਪਾ ਸਤਿ ਗੁਰ ਕਰਨ ਅਪਾਰ ਭਾਈ ।
ਸੱਚਖੰਡ ਦਾ ਕਰਨ ਦੀਦਾਰ ਆਕੇ ।
ਸੜੇ ਦਿਲ ਹੋਵਨ ਠੰਡੇ ਠਾਰ ਭਾਈ ।
ਸਚੇ ਦਿਲੋ ਮਥੇ ਜਿਹੜਾ ਧੂੜ ਲਾਵੇ ।
ਇਛਾਂ ਪੂਰੀਆ ਕਰੇ ਕਰਤਾਰ ਭਾਈ ।
ਰੋਗ ਦੂਰ ਹੁੰਦੇ ਇਥੇ ਰੋਗੀਆਂ ਦੇ ।
ਕਹੇ ਸਿੰਘ ਹਰਨਾਮ ਉਚਾਰ ਭਾਈ ।

{੧}

ਲੰਗਰ ਵਰਤਦਾ ਰਹੇ ਬੇਅੰਤ ਏਥੇ ।
ਛਕਨ ਵਾਲਿਆਂ ਦਾ ਅੰਤ ਆਵੰਦਾ ਨਹੀ ।
ਬਰਕਤ ਗੁਰੂ ਦੀ ਦੇਗ ਬੇਅੰਤ ਚਲੇ ।
ਤੋਟਾ ਕਦੇ ਵੀ ਲੰਗਰ ਨੂੰ ਆਵੰਦਾ ਨਹੀਂ ।
ਧਨੀ ਅਤੇ ਗਰੀਬ ਪਏ ਛਕਨ ਇਕਥਾਂ ।
ਉਚਾ ਨੀਵਾਂ ਫਿਰ ਕੋਈ ਸਦਾਵੰਦਾ ਨਹੀਂ ।
ਕ੍ਰਿਪਾ ਗੁਰੂ ਦੀ ਲੰਗਰ ਬੇਅੰਤ ਚਲੇ ।
ਹਰਨਾਮ ਸਿੰਘ ਮੈਂ ਝੂਠ ਅਲਾਵੰਦਾ ਨਹੀ ।



Digitized by Panjab Digital Library | www.panjabdigilib.org

## ॥ ਕਬਿੱਤ ॥

ਕਿਤਨਾ ਲਿਖਾਂ ਮੈਂ ਬਿਆਨ, ਸੋਹੇ ਬਾਗ ਆਲੀਸ਼ਾਨ।
ਬਾਰਾਂ ਦਰੀ ਕੋ ਨਿਹਾਰ, ਜੀਆ ਐਸੇ ਮੁਦਤਾਇਓ ਹੈ।
ਇਤ ਹੈ ਹਾਜਰਾ ਹਜ਼ੂਰ, ਤੋਸ਼ੇ ਖਾਨੇ ਭਰਪੂਰ।
ਸੱਚਖੰਡ ਨੂਰੋ ਨੂਰ ਦੇਵੀ ਦੇਵਨ ਧਿਆਇਓ ਹੈ।
ਰਹੇ ਖਾਲਸਾ ਅਨੰਦ, ਚੰਡੀ ਵਾਰ ਪੜੇ ਛੰਦ।
ਪੜੇ ਬਾਣੀ ਕਟੇ ਫੰਧ, ਨਾਮ ਜਪਦੇ ਜਪਾਇਓ ਹੈ।
ਖੀਰ, ਓ ਖਿਆਲੀ, ਟਿਕੀ ਕੁਣਕਾ ਬਿਸਾਲੀ।
ਪੂੜੀ ਚੌੜੀ ਓ ਨਿਰਾਲੀ, ਸੋਹਣਾ ਲੰਗਰ ਸਜਾਇਓ ਹੈ।
ਦਸ ਗਿਆਰਾ ਜਾਂ ਬਜਾਏ, ਚਾਂਦੀ ਥਾਲ ਕੋ ਸਜਾਏ।
ਅਛੀ ਚੌਕੀਆਂ ਧੁਆਇ, ਐਸੇ ਭੋਗ ਕੋ ਲਗਾਇਓ ਹੈ।
{੧}

ਸੋਹਨੇ ਕਮਰੇ ਮਹਾਨ ਕਰਨ ਸੰਗਤਾ ਅਰਾਮ।
ਲਖਾਂ ਸੈਂਕੜੇ ਹਜ਼ਾਰ, ਆਇ ਗੁਰਾਂ ਨੂੰ ਧਿਆਵੰਦੇ।
ਸੋਹਣਾ ਸੱਚਖੰਡ ਨਾਮ, ਜਾਨੋ ਗੁਰੂ ਜੀ ਕਾ ਧਾਮ।
ਰੰਗ ਰਾਗ ਸੁਭਾ ਸ਼ਾਮ ਰਾਗੀ ਕੀਰਤਨ ਹੈ ਗਾਵੰਦੇ।
ਲਖੀ ਸਿੱਖ ਵਣਜਾਰੇ, ਗੁਰੂ ਚਰਨ ਪਿਆਰੇ।
ਆਇ ਕਰਨ ਦੀਦਾਰੇ, ਭਾਰੀ ਸ਼ਰਧਾ ਰਖਾਵੰਦੇ।
ਠਾਠ ਸ਼ਹਿਨਸ਼ਾਹੀ ਜਾਣ, ਕਹੇ ਉਪਮਾਂ ਮਹਾਨ।
ਬਸੇ ਆਪ ਭਗਵਾਨ ਤੋਂ ਬੇਅੰਤ ਬੇਅੰਤ ਗਾਵੰਦੇ।

## ॥ ਦੋਹਿਰਾ ॥

ਸੱਚਖੰਡ ਕੀ ਉਪਮਾ ਲਿਖੀ, ਜਿਮ ਸਤਿਗੁਰ ਫੁਰਮਾਇ।
ਕਹਾ ਬੁਧ ਮਮ ਕੀਟਕੀ, ਸਤਿਗੁਰ ਭਏ ਸਹਾਇ।



Digitized by Panjab Digital Library | www.panjabdigilib.org

# ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਜੀ

ਇਹ ਪਾਵਨ ਅਸਥਾਨ ਦਖੱਨ ਦੇਸ਼ ਮਹਾਂਰਾਸ਼ਟਰ ਸਟੇਟ ਵਿਚ ਨੰਦੇੜ ਸਟੇਸ਼ਨ ਤੋਂ ਇਕ ਮੀਲ ਪੂਰਬ ਦਿਸ਼ਾ ਨੂੰ, ਸ੍ਰੀ ਦਸਮੇਸ਼ ਪਿਤਾ ਜੀ ਦੀ ਅੰਤਮ ਯਾਦਗਾਰ ਤਾਜ਼ਾ ਕਰਾ ਰਿਹਾ ਹੈ ।

ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਦਖੱਨ ਆਗਮਨ ਤੇ ਸਭਤੋਂ ਪਹਿਲਾਂ ਗੁਃ ਸੰਗਤ ਸਾਹਿਬ, ਨਦੀ ਕਿਨਾਰਾ ਦੇਖਕੇ ਡੇਰੇ ਲਗਾਇ ਸਨ । ਖਾਲਸਾ ਜੀ ਦਾ ਮੌਜੂਦਾ ਗੁਃ ਲੰਗਰ ਸਾਹਿਬ ਵਾਲੀ ਥਾਂਵੇ, ਲੰਗਰ ਛਕਨ ਮਗਰੋਂ ਦੁਪਹਰ ਦੇ ਦੀਵਾਨ ਵਿਚ ਸਾਹਿਬਾਂ ਨੇ ਆਪਣੇ ਪੂਰਬਲੇ ਸਮਾਚਾਰ ਸੁਨਾਉਂਦੀਆ ਫੁਰਮਾਇਆ "ਅਸਾਂ ਸਤਿਜੁਗ ਅਤੇ ਤ੍ਰੇਤਾ ਇਥੇ ਹੀ ਤਪਸਿਆਂ ਕਰਦਿਆ ਬਿਤਾਇਆ ਹੈ" ਤਦ ਸਿੰਘਾ ਨੇ ਉਸ ਪਵਿੱਤ੍ਰ ਅਥਾਸਨ ਦੀ ਦਰਸ਼ਨ ਅਭਿਲਾਸ਼ਾ ਪ੍ਰਗਟ ਕੀਤੀ ।

ਦੂਜੇ ਦਿਨ ਅੰਮ੍ਰਤ ਵੇਲੇ ਹੀ ਸਾਹਿਬਾਂਨੇ ਇਸ਼ਨਾਨ ਸੋਧ ਸ਼ਸਤ੍ਰ ਬਸਤ੍ਰ ਕਲਗੀ ਜਿਗਾ ਸਜਾ, ਮੌਜੂਦਾ ਸੱਚਖੰਡ ਸਾਹਿਬ ਵਾਲੀ ਥਾਂ ਆਏ ਅਤੇ ਇਸ ਥੜੇ ਸਾਹਿਬ ਜੀ ਦੀਆਂ ਸਤਿਕਾਰ ਸਹਿਤ ਪੰਜ ਪ੍ਰਕਰਮਾ ਲੈ, ਵਾਹਿਗੁਰੂ ਜੀ ਕੀ ਫਤਹ ਗਜਾ, ਥੜੇ ਸਾਹਿਬ ਦੇ ਉਪਰ ਬਿਰਾਜਮਾਨ ਹੋਕੇ, ਸ੍ਰੀ ਅਕਾਲ ਪੁਰਖ ਵਾਹਿਗੁਰੂ ਦੇ ਸਿਮਰਣ ਵਿਚ ਲੀਨ ਹੋ ਗਏ । ਸਵੇਰੇ ਪੌ ਫੁਟਨ ਵੇਲੇ ਜਦੋਂ ਥਲੇ ਬੈਠੇ ਨੇ ਰਿਖੀਸ਼ਰਾ ਦੀ ਸਮਾਧੀ ਖੁਲੀ ਤਾਂ ਸਿੰਘਾਸਨ ਤੇ ਨਿਰੰਕਾਰੀ ਜੋਤ ਬਿਰਾਜਮਾਨ ਹੋਈ ਦੇਖ ਬਹੁਤ ਹੀ ਅਸਚਰਜ ਤੇ ਬਿਸਮਾਦ ਹੋਇ ਅਤੇ ਚਰਨ ਕੰਵਲ ਪ੍ਰਸਨ ਹਿਤ ਉਠੇ ।

ਸਵੇਰ ਹੋ ਜਾਨ ਕਰਕੇ ਸੰਗਤਾਂ ਵੀ ਦਰਸ਼ਣਾ ਨੂੰ ਆਉਣ ਲਗ ਪਇਆਂਸਨ । ਅਤੇ ਸਾਹਿਬਾ ਨੇ ਆਪਣੇ ਅੰਮ੍ਰਤ ਵਰਸਾਉਣ ਵਾਲੇ ਨੇਤ੍ਰ ਖੋਹਲ ਲਏ । ਉਨਾਂ ਰਖੀਸ਼ਰਾ ਨੂੰ ਚਰਨਾਂ ਤੇ ਡਿਗਿਆ ਦੇਖਕੇ ਸਾਹਿਬਾਂ ਨੇ ਪੁਛਿਆ "ਤੁਸੀਂ ਕੌਨ ਹੋ ? ਕਦੋਂ ਤੋਂ ਤੇ ਕਿਉਂ ਇਥੇ ਰਹਿੰਦੇ ਹੋ ?"



Digitized by Panjab Digital Library | www.panjabdigilib.org

ਇਨਾਂ ਰਖੀਸ਼ਰਾ ਨੇ ਬੜੀ ਅਧੀਨਗੀ ਸਹਿਤ ਬੇਨਤੀ ਕੀਤੀ ਪ੍ਰਭੂ ਜੀਓ ਅਸੀਂ ਨੌ ਨੰਦ ਰਖੀਸ਼ਰ, {ਜਿਨ੍ਹਾਂ ਦੇ ਨਾਮ ਤੇ ਇਸ ਨਗਰੀ ਦਾ ਨਾਮ ਨੌ ਨੰਦ ਏੜ, ਹੈ} ਗੁਰੂ ਬ੍ਰਹਮਾਨੰਦ ਜੀ ਦੇ ਚੇਲੇ ਸਤਿਜੁਗ ਤੋਂ ਇਥੇ ਹੀ ਤਪਸਿਆ ਕਰ ਰਹੇ ਹਾਂ ਸਤਜੁਗ ਵਿਚ ਇਹ ਸੋਨੇ ਦੀ ਨਗਰੀ ਸੀ। ਗੋਬੰਦ ਨਗਰੀ ਇਸਦਾ ਨਾਮ ਸੀ, ਬਾਨ ਗੰਗਾ(ਗੁਦਾਵਰੀ)ਦੁਧਦੀ ਵਗਦੀ ਸੀ ਤੇਤੀ ਕ੍ਰੋੜ ਦੇਵਤੇ ਤੇ ਨਾਮ ਜਪਨ ਵਾਲੇ ਸਾਰੇ ਇਥੇ ਹੀ ਨਿਵਾਸ ਰਖਦੇ ਸਣ ਅੱਜ ਸਾਡੇ ਧੰਨ ਭਾਗ ਹਨ। ਜੋ ਆਪ ਜੀ ਦੇ ਪਾਵਨ ਦ੍ਰਸ਼ਨ ਪ੍ਰਸਕੇ ਚਿਰਾਂ ਤੋਂ ਭਟਕਦੇ ਮਨਾ ਨੂੰ ਅਤੀ ਸ਼ਾਂਤੀ ਅਤੇ ਅਨੰਦ ਪ੍ਰਾਪਤ ਹੋਇਆ ਹੈ। ਹੁਣ ਸਾਡੀ ਅੰਤਮ ਕਲਪਨਾ ਨਵਿਰਤ ਕਰਨ ਹਿਤ ਆਪ ਆਪਣਾ ਸ਼ੁਭ ਨਾਮ ਦਸਨ ਦੀ ਕ੍ਰਿਪਾਲਤਾ ਕਰੋ ਜੀ।

ਚੋਜੀ ਦਾਤਾ ਜੀ ਨੇ ਮੁਸਕ੍ਰਾਉਂਦਿਆਂ ਫੁਰਮਾਇਆ "ਨੌ ਨੰਦ ਜੀਓ! ਜਿਨ੍ਹਾਂ ਲਈ ਤੁਹਾਡੇ ਗੁਰੂ ਬ੍ਰਹਮਾਨੰਦ ਜੀ ਨੇ ਤੁਹਾਡੇ ਪਾਸ ਇਕ ਅਮਾਨਤ ਰਖੀ ਹੋਈ ਹੈ! ਸੋ ਅਸੀ ਉਹੀ ਆਗਏ ਹਾਂ ਇਸ ਲਈ ਉਹ ਪੁਸਤਕ ਸਾਨੂੰ ਦੇ ਦੇਵੋ।"

ਅੰਤਰਜਾਮੀ ਦਾਤਾ ਜੀ ਤੋਂ ਇਹ ਬਚਨ ਸੁਣਕੇ ਉਹ ਰਖੀਸ਼ਰ ਬਹੁਤ ਅਨੰਦ ਤੇ ਵਿਸਮਾਦ ਹੋਏ। ਸਾਹਿਬਾਂ ਦੇ ਚਰਨ ਕੰਵਲਾਂ ਤੇ ਮਥਾ ਟੇਕ, ਉਹ ਪੁਸਤਕ ਅਗੇ ਭੇਟਾ ਲਿਆ ਧਰੀ। ਫਿਰ ਗੁਰੂ ਜੀ ਤੋਂ ਦੇਵਲੋਕ ਨੂੰ ਜਾਣਦੀ ਆਗਿਆ ਮੰਗੀ। ਸਾਹਿਬਾ ਨੇ ਫੁਰਮਾਯਾ "ਨੌ ਨੰਦ ਜੀ। ਹਾਲਾਂ ਆਪ ਜੀ ਦੀ ਆਯੂ ਨੌ ਦਿਨ ਬਾਕੀ ਹੈ। ਸੋ ਇਹ ਸਮਾ ਸਤਿਸੰਗ ਵਿਚ ਬਿਤਾ ਕੇ ਮੋਖਸ਼ ਨੂੰ ਪ੍ਰਾਪਤ ਹੋਵੋ।

ਫਿਰ ਸਾਹਿਬਾਂ ਦੇ ਹੋਰ ਪ੍ਰਸ਼ਨਾ ਦੇ ਉਤਰ ਵਿਚ ਨੌ ਨੰਦਾ ਨੇ ਇਹ ਆਪਣੇ ਇਥੇ ਹੁਣ ਤੱਕ ਰਹਿਣ ਦਾ ਕਾਰਨ ਦਸਦਿਆਂ ਕਿਹਾਂ। ਪਭੂ ਜੀਓ। ਸਾਨੂੰ ਆਪਣੇ ਗੁਰੂ ਬ੍ਰਹਮਾਨੰਦ ਜੀ ਦੇ ਬਚਨਾ ਅਨੁਸਾਰ ਇਸ ਕਲਜੁਗ ਤੱਕ ਇਥੇ ਹੀ ਠਹਿਰਨਾ ਪਿਆ ਹੈ,। ਜਿਸ ਸਿੰਘਾਸਨ ਤੇ ਆਪ ਹੁਨ



Digitized by Panjab Digital Library | www.panjabdigilib.org

ਸੁਭਾਇਮਾਨ ਹੋ, ਅਸੀਂ ਤੇ ਸਾਡੇ ਗੁਰੂਜੀ ਵੀ ਇਸ ਦਾ ਬਹੁਤ ਹੀ ਸਤਿਕਾਰ ਕਰਦੇ ਸਨ ਅਤੇ ਰੋਜ ਸਵੇਰੇ ਪਰਕਮਾਂ ਲੈ ਫੁਲ ਚੜ੍ਹਾਂਉਂਦੇ ਸਨ।

ਇਕ ਦਿਨ ਸਾਡੇ ਪ੍ਰਸ਼ਨ ਕਰਨ ਤੇ ਗੁਰੂ ਜੀ ਨੇ ਸਾਨੂੰ ਫੁਰਮਾਇਆ ਜੋ ਇਹ ਸਿੰਘਾਸਨ ਇਕ ਮਹਾਨ ਪ੍ਰਤਾਪਵਾਨ ਨਿਰੰਜਨੀ ਜੋਤ ਦਾ ਹੈ ਇਸ ਲਈ ਸਾਨੂੰ ਇਸਦਾ ਸਤਿਕਾਰ ਤੇ ਅਦਬ ਕਰਨਾ ਬਣਦਾ ਏ। ਫਿਰ ਸਾਡੀ ਉਸ ਨਿਰੰਜਨੀ ਜੋਤ ਲਈ ਦਰਸ਼ਨ ਅਭਿਲਾਖਾ ਪ੍ਰਗਟ ਕਰਨ ਤੇ ਗੁਰੂ ਜੀ ਨੇ ਸੁਤੇ ਸਿਧ ਹੀ ਇਹ ਬਚਨ ਕਰ ਦਿਤਾ। ਜੋ ਅਟੱਲ ਹੋ ਗਿਆ "ਕਿਉਂ ਕਿ ਹੁਣ ਤੁਹਾਨੂੰ ਕਲਜੁਗ ਤਕ ਇਥੇ ਹੀ ਰਹਿਨਾ ਪਵੇਗਾ ਉਹ ਕਲਜੁਗ ਵਿਚ ਅਵਤਾਰ ਧਾਰਕੇ ਇਕ ਨਿਰੋਲ ਪੰਥ ਸਜਾਉਣਗੇ ,ਅਤੇ ਆਪ ਇਸ ਸਿੰਘਾਸਨ ਤੇ ਸੁਭਾਇਮਾਨ ਹੋ, ਤੁਹਾਨੂੰ ਮੋਖਸ਼ ਦੀ ਦਾਤ ਬਖਸ਼ਣਗੇ" ਫਿਰ ਕੰਈ ਉਤ੍ਰ ਪ੍ਰਸ਼ਨ ਹੋਣ ਪਿਛੋਂ ਸਾਡੀ ਇਹ ਬੇਨਤੀ ਕਰਨ ਤੇ "ਜੋ ਸਾਨੂੰ ਉਨ੍ਹਾਂ ਦੀ ਕਿਸਤਰ੍ਹਾਂ ਪਛਾਨ ਹੋਵੇਗੀ" ਤਦ ਗੁਰੂ ਜੀ ਨੇ ਇਹ ਪੁਸਤਕ ਸਾਨੂੰ ਅਮਾਨਤ ਦੇਕੇ ਫੁਰਮਾਇਆਂ, "ਜੋ ਉਨ੍ਹਾਂ ਦਾ ਨਾਮ ਸ੍ਰੀ ਗੁਰੂ ਗੋਬਿੰਦਸਿੰਘ ਜੀ ਹੋਵੇਗਾ ਅਤੇ ਬਿਨਾ ਤੁਹਾਡੇ ਦਸੇ ਉਹ ਆਪ ਹੀ ਇਹ ਪੁਸਤਕ ਮੰਗ ਲੈਣਗੇ" ‡ ਇਹ ਸਾਰਾਂ ਸਮਾਚਾਰ ਸੁਣਕੇ ਸੰਗਤਾਂ ਬਹੁਤ ਹੀ ਅਨੰਦ ਤੇ ਨਿਹਾਲ ਹੋਈਆਂ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦਸਿੰਘ ਜੀ ਮਹਾਰਾਜ ਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਗੂੰਜ ਪਾ ਦਿਤੀ। ਜਿਸਨੂੰ ਸੁਣਕੇ ਸਾਰਾ ਨਗਰ ਹੀ ਇਥੇ ਆਣ ਇਕੱਤ੍ਰ ਹੋਇਆ।

ਇਹ ਅਸਥਾਨ ਉਸ ਵੇਲੇ ਇਕ ਮੁਗਲ ਦੀ ਜ਼ਮੀਨ ਵਿਚ ਸੀ। ਉਕਤ ਸਮਾਚਾਰ ਸੁਣਕੇ ਉਹ ਮੁਗਲ ਬਹੁਤ ਡਰਿਆ ਅਤੇ ਗੁਰੂ ਜੀ ਅਗੇ

---

‡ ਸੋ ਕਿਤੇ ਕਿਤੇ ਇਹ ਵੀ ਸੁਣਨ ਵਿਚ ਆਉਂਦਾ ਹੈ ਜੋ ਸਾਹਬਾਂ ਨੇ ਗੁ: ਨਗੀਨਾਘਾਟ ਤੋਂ ਤੀਰ ਮਾਰਕੇ ਇਹ ਅਸਥਾਨ ਪ੍ਰਗਟ ਕੀਤਾ ਸੀ।



Digitized by Panjab Digital Library | www.panjabdigilib.org

ਬੇਨਤੀ ਕੀਤੀ । ਮਹਾਰਾਜ ਜੀ । ਇਹ ਜ਼ਮੀਨ ਮੇਰੀ ਹੈ । ਆਪ ਕ੍ਰਿਪਾ ਕਰਕੇ ਹੋਰ ਕਿਤੇ ਚਲੇ ਜਾਓ । ਅੰਤ ਜਦੋਂ ਇਸ ਨੇ ਸਿੰਘਾ ਅਗੇ ਅਪਣੀ ਕੋਈ ਦਾਲ ਗਲਦੀ ਨਾ ਦੇਖੀ ਤਾ ਬਾਦਸ਼ਾਹ ਪਾਸ ਜਾ ਫਰਿਆਦੀ ਹੋਇਆ। ਜੋ ਕਿ ਸਾਹਿਬਾਂ ਦੇ ਦਰਸ਼ਨਾਂ ਲਈ ਇਥੇ ਹੀ ਪੁਜਾ ਹੋਇਆ ਸੀ ।

ਦੂਜੇ ਦਿਨ ਜਦੋਂ ਬਾਦਸ਼ਾਹ ਦਰਸ਼ਨਾ ਨੂੰ ਆਇਆ ਤਾਂ ਗੁਰੂ ਜੀ ਅਗੇ ਬੇਨਤੀ ਕੀਤੀ । ਮਹਾਰਾਜ ਜੀਓ, ਆਪ ਦਿਆਲੂ ਤੇ ਬਖਸ਼ਿੰਦ ਹੋ । ਇਸ ਮੁਗਲ ਫਰਆਦੀ ਤੇ ਵੀ ਰਹਮ ਕਰੋ । ਇਸ ਵੇਲੇ ਉਹ ਮੁਗਲ ਬਾਦਸ਼ਾਹ ਦੇ ਹੁਕਮ ਅਨੁਸਾਰ ਆਪਣੇ ਗਵਾਹਾਂ ਸ਼ਹਿਰ ਦੇ ਮੌਲਵੀ ਮੁਲਾਣੇ ਲੈਕੇ ਇਥੇ ਹਾਜ਼ਰ ਸੀ । ਅਤੇ ਇਉਂ ਬੇਨਤੀ ਕਰਨ ਲੱਗਾ । ਬਾਦਸ਼ਾਹ ਸਲਾਮਤ! ਇਹ ਜ਼ਮੀਨ ਕੰਈ ਪੁਸ਼ਤਾ ਤੋਂ ਮੇਰੀ ਚਲੀ ਆਰਹੀ ਹੈ।

## ॥ ਚੌਪਾਈ ॥

ਪੁਸਤੈਨੀ ਇਹ ਥਾਨ ਹਮਾਰਾ, ਜਾਨਿਤ ਗਿਰਦ ਨਵਾਇਤ ਸਾਰਾ ।
ਬੂਝ ਲੇਇ ਸਭ ਕੋ ਇਸ ਠੋਰੀ, ਜੋ ਛੀਨਿਤ ਕਰ ਸੀਨੇ ਜੋਰੀ ।
ਤੋਂ ਮੇਰੇ ਕਛੁ ਬਸ ਨ ਬਸਾਇ, ਮਾਲਕ ਸਾਹੁ ਸਕਲ ਹੀ ਠਾਇ ।
{ਸੂਃ ਪ੍ਰਃ ਭਾਃ ਸੰਤੋਖ ਸਿੰਘ ਜੀ}

ਸਾਹਿਬਾਂ ਨੇ ਫੁਰਮਾਇਆ । ਸ਼ਾਹ ਜੀ । ਇਹ ਅਸਥਾਨ ਸਤਿਗੁਗ ਤੋਂ ਸਾਡਾ ਚਲਿਆ ਆਰਿਹਾ ਹੈ ਅਤੇ ਇਨਾਂ ਦੀ ਤਾਂ ਕੇਵਲ ਸੰਭਾਲ ਹੀ ਹੈ । ਫਿਰ ਚੋਜੀ ਪ੍ਰੀਤਮ ਜੀ ਨੇ ਸਾਰੀਆਂ ਦੇ ਸਾਹਮਣੇ ਉਹ ਜਗਾ ਪੁਟਵਾਈ ਅਤੇ ਆਪਣਾ ਸਤਿਜੁਗੀ ਆਸਨ, ਭਸਮ ਦਾ ਢੇਰ, ਪਉੂਆ, ਕਮੰਡਲ, ਤੇ ਮਾਲਾ ਕਢਵਾਕੇ ਆਪਣਾ ਅਸਥਾਨ ਪ੍ਰਗਟ ਕੀਤਾ ਜੋ ਤਪ ਤੇਜ ਕਰਕੇ ਉਸੇ ਤਰਾ ਕਾਇਮ ਸਨ । ਫਿਰ ਵੀ ਗਰੀਬ ਨਿਵਾਜ ਦਾਤਾ ਜੀ ਨੇ ਪ੍ਰਸਨ ਹੋਕੇ ਉਸ ਤੁਰਕ ਨੂੰ ਇਸ ਅਸਥਾਨ ਤੇ ਮੋਹਰਾਂ ਵਿਛਾਕੇ ਬਖਸ਼ੀਆਂ ।



Digitized by Panjab Digital Library | www.panjabdigilib.org

## ॥ ਚੌਪਈ ॥

ਸਭ ਕੋ ਪਤਾ ਦਿਖਾਵਨ ਠਾਨਾ । ਅਬ ਤੋ ਹਮਰੋ ਭਯੋ ਸਥਾਨਾ ।
ਤਊ ਮੋਲ ਇਸ ਦੇਤ ਮੁਗਲ ਕੋ । ਲੇਕਰ ਦਾਵਾ ਹਰਹਿ ਸਥਲ ਕੋ ।
ਕਰੀ ਬਿਛਾਵਨ ਗਨ ਦੀਨਾਰ । ਜਿਹ ਲਗ ਅਬ ਲੋ ਹੈ ਦਰਬਾਰ ।

ਫਿਰ ਗੁਰੂ ਜੀ ਨੇ ਇਸ ਅਸਥਾਨ ਤੋਂ ਚੌਗਿਰਦੇ ਇਕ ਜੋਜਨ ਤਕ ਜ਼ਮੀਨ ਖਰੀਦ ਕੇ ਬੈ-ਨਾਮਾ ਲਿਖਵਾ ਕੇ ਪੱਟਾ ਕਰਵਾਇਆ ਸੀ ।

ਬੈਖਤਿ ਤਿਸ ਕਰ ਤੇ ਲਿਖਵਾਯੋ । ਰਾਜੀ-ਨਾਮਾ ਸਗਲ ਸੁਨਾਯੋ ।
ਇਕ ਜੋਜਨ ਲਗ ਗੁਰੂ ਸਥਾਨਾ । ਕੌਨ ਕਰੈ ਦਾਵਾ ਲੇਹੁ ਜਾਨਾ ।
ਸਗਰੇ ਨਗਰ ਪ੍ਰਗਟ ਭਈ ਗਾਥਾ । ਭੂਮਿ ਮੋਲ ਲੀਨੀ ਗੁਰ ਨਾਥਾ ।
{ਸੂ: ਪ੍ਰ: ਭਾ: ਸੰਤੋਖ ਸਿੰਘ ਜੀ}

# ਗੁਰਦੁਆਰਾ ਸ੍ਰੀ ਲੰਗਰ ਸਾਹਿਬ ਜੀ

## ॥ ਦੋਹਿਰਾ ॥

ਸਤਿਗੁਰ ਨਾਨਕ ਦੇਵ ਜੀ, ਕਰੋ ਸਭੀ ਦੁਖ ਨਾਸ ।
ਕ੍ਰਿਪਾ ਕੀਜੈ ਦਾਸ ਪਰ, ਹੋਵੇ ਬੁਧ ਪ੍ਰਕਾਸ਼ ।
ਬਾਬਾ ਸੰਤ ਨਿਧਾਨ ਸਿੰਘ ਜੀ ਸੇਵਕ ਗੁਰਕੋ ਜਾਨ ।
ਖਰਚ ਖਜ਼ਾਨਾ ਗੁਰ ਦੀਯੋ, ਲੰਗਰ ਚਲੇ ਮਹਾਨ ।

## ॥ ਬੈਂਤ ॥

ਇਸ ਗਲ ਦੇ ਵਿਚ ਨਾ ਸ਼ਕ ਕਾਈ ।
ਲੰਗਰ ਵਰਤਦਾ ਬੇ ਸ਼ੁਮਾਰ ਭਾਈ ॥
ਇੰਤਜ਼ਾਮ ਸੋਹਣਾ ਨਾ ਕੋਈ ਫਰਕ ਜਾਪੇ ।
ਜਸ ਫੈਲਿਆ ਸਾਰੇ ਸੰਸਾਰ ਭਾਈ ॥



Digitized by Panjab Digital Library | www.panjabdigilib.org

ਸੋਹਣੀ ਜਗਾ ਫਬੀ, ਮਾਇਆ ਬਹੁਤ ਲਗੀ ।
ਲੰਗਰ ਹੋਂਵਦਾ ਜਿਥੇ ਤਿਆਰ ਭਾਈ ॥
ਤੋਸ਼ੇ ਖਾਨਾ ਇਹ ਗੁਰੂ ਕਾ ਬਹੁਤ ਸੋਹਣਾ ।
ਹੈਨ ਬਾਰੀਆਂ ਤੇ ਹਵਾਦਾਰ ਭਾਈ ॥
ਜਿਥੇ ਸੰਗਤਾਂ ਛਕਨ ਪ੍ਰਸ਼ਾਦਿ ਬੈਹਕੇ ।
ਸਿਹਨ ਸਾਹਮਣੇ ਕਰੋ ਦੀਦਾਰ ਭਾਈ ॥
ਰਸਦਾਇਕ ਲੰਗਰ ਹਰਦਮ ਛਕੇ ਸੰਗਤ ।
ਰਾਤ ਦਿਨ ਦਾ ਨਹੀ ਵਿਚਾਰ ਭਾਈ ॥
ਗਫੇ ਚਾਹ ਦੇ ਵਰਤਦੇ ਰਹਿਣ ਹਰਦਮ ।
ਸੰਗਤ ਆਉਂਦੀ ਬੇਸ਼ੁਮਾਰ ਭਾਈ ॥
ਦੂਰੋਂ ਨੇੜਿਓਂ ਸੰਗਤਾਂ ਬਹੁਤ ਆਵਣ ।
ਬੇ ਸ਼ੁਮਾਰ ਨਾਹੀਂ ਪਾਰਾ ਵਾਰ ਭਾਈ ॥
ਦਾਨੀ ਦਾਨ ਕਰਦੇ, ਸੇਵਕ ਗੁਰੂ ਘਰ ਦੇ ।
ਅੰਤ ਦਾਨੀਆਂ ਦਾ ਕੋਈ ਆਂਉਂਦਾ ਨਹੀ ॥
ਧਨੀ ਅਤੇ ਗਰੀਬ ਸਭ ਕਰਨ ਸੇਵਾ ।
ਦਰਜਾ ਵਧ ਤੇ ਘਟ ਗਨਾਵੰਦਾ ਨਹੀਂ ॥
ਲਖਾਂ ਸੈਂਕੜੇ ਤੇ ਪੈਸੇ, ਪੰਜ ਵਾਲਾ ।
ਇਕੋ ਜਿਹੇ ਨੇ, ਝੂਠ ਅਲਾਂਵਦਾ ਨਹੀਂ ॥
ਦੇਣ ਸੰਗਤਾ ਤੇ ਛਕਣ, ਸੰਗਤਾਂ ਸਭ ।
ਭੇਦ ਗਲ ਦੇ ਵਿਚ ਫਿਰ ਆਵੰਦਾ ਨਹੀ ॥
ਧੰਨ ਬਾਬਾ ਨਿਧਾਨ ਸਿੰਘ ਧੰਨ ਸੀ ਤੂੰ ।
ਸੇਵਾ ਗੁਰੂ ਦੀ ਦਿਲੋਂ ਕਮਾਈ ਹੈ ਸੀ ॥
ਸੇਵਾਦਾਰ ਹੋ ਰਿਹੋਂ ਦਾਤਾਰ ਜੀ ਦਾ ।
ਉਮਰ ਨਿੰਮ੍ਰਤਾ ਵਿਚ ਲੰਘਾਈ ਹੈ ਸੀ ॥



Digitized by Panjab Digital Library | www.panjabdigilib.org

ਮਿਠ ਬੋਲਦੇ ਬੋਲ ਜ਼ਬਾਨ ਵਿਚੋਂ ।
ਐਸੀ ਸ਼ੀਰੀ ਗੁਫਤਾਰ ਬਨਾਈ ਹੈ ਸੀ ॥
ਖੀਸਾ ਗੁਰੂ ਜੀ ਦਾ ਖਰਰੇ ਆਪ ਬਾਬਾ ।
ਸੇਵਾ ਸੰਗਤਾ ਦੀ ਦਿਲੋਂ ਭਾਈ ਹੈ ਸੀ ॥
ਸੰਗਤ ਗੁਰੂ ਦੀ ਆਵੇ ਦੀਦਾਰ ਖਾਤਰ ।
ਬੈਲ ਗੱਡੀ ਲੈਕੇ ਕਰਦੇ ਧਾਈ ਹੈ ਸੀ ॥
ਰੇਵਾਦਾਰ ਸੇਵਕ ਸੇਵਾ ਕਰਨ ਚੰਗੀ ।
ਲੈਣ ਸੰਗਤਾ ਨੂੰ ਅਗੋਂ ਜਾਵੰਦੇ ਨੇ ॥
ਲਦੇ ਬਿਸਤਰੇ ਸੰਗਤਾਂ ਨਾਲ ਆਵਨ ।
ਗੁਰੂ ਘਰ ਫਿਰ ਡੇਰਾ ਕਰਾਵੰਦੇ ਨੇ ।
ਅਗੋਂ ਆਉਂਦਿਆ ਲੰਗਰ ਪ੍ਰਸ਼ਾਦਿ ਹਾਜਰ ।
ਛਕਨ ਸੰਗਤਾ ਗੁਰੂ ਮਨਾਵੰਦੇ ਨੇ ॥
ਲਗਣ ਪੰਗਤਾਂ ਸੰਗਤਾਂ ਬਹੁਤ ਆਵਨ ।
ਸੇਵਕ ਖੁਸ਼ੀ ਦੇ ਨਾਲ ਵਰਤਾਂਉਦੇ ਨੇ ॥
ਹੋਵੇ ਖਰਚ ਬੇਅੰਤ ਅਨਾਜ ਏਥੇ ।
ਸਚੇ ਸਤਿਗੁਰੂ ਆਪ ਨਭਾਵੰਦੇ ਨੇ ।
ਦਾਸ ਕਹੇ ਹਰਨਾਮ ਸਿੰਘ, ਸੰਤ ਬਾਬਾ ।
ਗਫੇ ਸੰਗਤਾਂ ਤਾਈਂ ਛਕਾਵੰਦੇ ਨੇ ॥

ਦੋਹਰਾ :– ਪ੍ਰਉਪਕਾਰੀ ਦੇਵਤਾ ਜਨਮ ਧਰਾ ਜਗ ਆਇ ।
ਸੂਰਜ ਸਮ ਜਸ ਫੈਲਿਆ, ਕਰ ਸੇਵਾ ਹਰਖਾਇ ।

ਦੋਹਰਾ :– ਰਿਧੀਆਂ ਸਿਧੀਆਂ ਬਖਸ਼ੀਆਂ, ਕਲਗੀਧਰ ਗੁਰ ਜਾਨ ।
"ਖਾਵਹੁ ਖਰਚੋ ਤੋਟ ਨਹਿ" ਸੁਨੋ ਸੰਤ ਬੁਧਵਾਨ ।



Digitized by Panjab Digital Library | www.panjabdigilib.org

## ॥ ਕਬਿੱਤ ॥

ਗੁਰੂ ਐਸੇ ਫੁਰਮਾਇਓ ਸ੍ਰੀ ਸੰਤ ਸੁਨ ਪਾਇਓ ,
ਧੂਰ ਮਾਥੇ ਪਰ ਲਗਾਇਓ, ਤਬ ਹੁਕਮ ਬਜਾਵੰਦੇ ।
ਕੀਤੀ ਕਾਰ ਹਥੀਂ ਆਪ, ਮੁਖੋਂ ਹਰੀ ਹਰਿਜਾਪ,
ਮਿਟੇ ਕੱਲਮੱਲ ਪਾਪ, ਅਬਿਨਾਸ ਜਸ ਗਾਵੰਦੇ ।
ਦਿਨੇ ਰਾਤ ਕੀਤੀ ਕਾਰ, ਦਿਲੋ ਸੰਸੇ ਕੋ ਨਿਵਾਰ ਕਰ
ਕਰੇ ਉਪਕਾਰ ਕੈਸੇ ਫਰਜ ਨਿਭਾਵੰਦੇ ।
ਹਰੀ ਮੰਦਰ ਬਣਾਇ, ਕੈਸੇ ਛਬ ਦਿਖਲਾਇ,
ਐਸੇ ਪਿਆਰੇ ੨ ਭਾਇਓ, ਦੇਖ ਜੀਆ ਉਮਡਾਵੰਦੇ ।
ਉਚੀ ਕੁਰਸੀ ਬਨਾਇ, ਸੋਹਣਾ ਮੰਦਰ ਸਜਾਇ,
ਕੈਸੀ ਬਾਰੀਆਂ ਲਗਾਇ ਨੈਣਾ ਵੇਖ ਵਿਗਸਾਇਓ ਹੈ ।
ਹੋਈ ਟੁਨਕਾਰ, ਤਬੀ ਉਠੇ ਬਲਧਾਰ ਸਿੰਘ,
ਨਾਲ ਬਲਕਾਰ, ਤੋਂ ਇਸ਼ਨਾਨ ਕੋ ਕਰਾਇਓ ਹੈ ।
ਪ੍ਰੇਮ ਪਾਵਨ ਮਨ ਸੰਸੇ ਕੋ ਹਰਨ ਤਬ,
ਆਸਾਵਾਰ ਊਚੋਂ ਸੁਰ ਸ੍ਰੀ ਸੰਤ ਗਾਇਓ ਹੈ ।
ਗਗਨ ਗਾਰਜਘਣ, ਕਿੰਕਣੀ ਝੁਣਤਕਾਰ,
ਉਮੰਡ ਉਮੰਡ ਤੋਂ ਮ੍ਰਿਦੰਗ ਕੋ ਬਜਾਇਓ ਹੈ ।
ਤੀਨ ਲੋਕ ਵਾਲੀ, ਬਾਣੀ ਪੁਰਖ ਜੋ ਅਕਾਲ ਸੋਹੇ,
ਗੁਰੂ ਜੀ ਗ੍ਰੰਥ ਕਾ ਦੀਵਾਨ ਤੇ ਸਜਾਇਓ ਹੈ ।
ਤੀਖਣ ਕਟਾਰ ਜਮਧਾਰ, ਤਲਵਾਰ ਆਛੀ,
ਆਛੀ ਚਮਕਾਰ ਛਬਕਾਰ ਉਚਰਾਇਓ ਹੈ ।
ਦਰਬ ਕੋ ਲਗਾਇ ਉਪਕਾਰ ਕੋ ਕਮਾਇ,
ਸੋਹਣੀ ਸੜਕ ਬਣਾਇ ਘਾਟ ਨਦੀਪੈ ਬਨਾਇਓ ਹੈ ।



Digitized by Panjab Digital Library | www.panjabdigilib.org

ਸ੍ਰੀ ਸੰਤ ਜੋ ਨਿਧਾਨ, ਤੇ ਨਿਧਾਨ ਭਾਨ ਸਿਧੀਓਂ ਕੇ,

ਦਾਸ ਹਰਨਾਮ ਸਿੰਘ ਐਸੇ ਗਿਆਨਵਾਨ ਗਾਇਓ ਹੈ।

ਘਾਲੀ ਘਾਲ ਐਸੀ ਬਾਰਾਂ ਸਾਲ ਬਾਬਾ,
ਪਾਣੀ ਸੰਗਤਾ ਤਾਂਈ ਛਕਾਵੰਦੇ ਰਹੇ।
ਤਨ ਮਨ ਇਹ ਜਾਣਕੇ ਗੁਰੂ ਜੀ ਦਾ,
ਆਪਾ ਗੁਰੂ ਦੀ ਭੇਟ ਚੜ੍ਹਾਵੰਦੇ ਰਹੇ।
ਕਿਸੇ ਤਾਂਈ ਨਾ ਬੋਲਿਆ ਬਚਨ ਕੌੜਾ,
ਸਭ ਨੂੰ ਏਕਤਾ ਭਾਵ ਸਿਖਾਵੰਦੇ ਰਹੇ।
ਦਰਸ਼ਨ ਕੀਤੀਆਂ ਤਪੇ ਦਿਲ ਸ਼ਾਂਤ ਹੁੰਦੇ,
ਬਾਰਸ਼ ਬਾਣੀ ਦੀ ਸਦਾ ਹੀ ਲਾਵੰਦੇ ਰਹੇ।
ਸੀਤਲ ਸੋਮਾ ਤੇ ਸ਼ਾਂਤੀ ਦੇ ਪੁੰਜ ਬਾਬਾ,
ਸੇਵਾ ਭਾਵ ਤੇ ਪਿਆਰ ਸਮਝਾਵੰਦੇ ਰਹੇ।
ਵੈਰੀ ਮੀਤ ਦਾ ਨਹੀਂ ਖਿਆਲ ਕੋਈ,
ਸੇਵਾ ਭਾਈ ਘਨਯੇ ਸਮ ਚਾਹੁੰਦੇ ਰਹੇ।
ਬੇਪ੍ਰਵਾਹ ਬਾਬਾ ਬੇਪ੍ਰਵਾਹੀ ਤੇਰੀ,
ਦੁਖੀ ਦੀਨਾਂ ਨੂੰ ਗਲੇ ਲਗਾਵੰਦੇ ਰਹੇ।
ਦਾਸ ਕਹੇ ਹਰਨਾਮ ਸਿੰਘ ਕੌਣ ਉਪਮਾ,
ਕੈਸੇ ਨਿਮਰਤਾ ਭਾਵ ਜਿਤਾਵੰਦੇ ਰਹੇ।

ਇਹ ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਜੀ ਤੋਂ ਥੋੜੀ ਦੂਰ ਸੜਕੋ ਸੜਕ ਗੁਦਾਵਰੀ ਦੇ ਕੰਢੇ ਗੁਰਦੁਆਰਾ ਨਗੀਨਾ ਘਾਟ ਦੇ ਲਾਗੇ ਸ਼ਸ਼ੋਭਤ ਹੈ। ਇਹ ਉਹ ਪਾਵਨ ਅਸਥਾਨ ਹੈ ਜਿਥੇ ਦਸ਼ਮੇਸ਼ ਪਿਤਾ ਜੀ ਦੇ ਦੱਖਨ ਆਗਮਨ ਤੇ ਖਾਲਸਾਈ ਫੌਜਾਂ ਦਾ ਲੰਗਰ ਸਜਿਆ ਕਰਦਾ ਸੀ। ਇਸ ਗੁਰੂ ਧਾਮ ਨੂੰ ਮੁੜ ਨਵੇਂ ਸਿਰੋਂ ਪ੍ਰਗਟ ਕਰ ਅਤੁਟ ਦੇਗ ਤੇਗ ਚਲਾਉਂਣ ਦਾ ਹੁਕਮ ਸ੍ਰੀ ਮਾਨ ੧੦੮ ਸੰਤ ਬਾਬਾ ਨਿਧਾਨ ਸਿੰਘ ਜੀ ਨੂੰ ਦਸਮੇਸ਼ ਪਿਤਾ ਜੀ ਵਲੋਂ



Digitized by Panjab Digital Library | www.panjabdigilib.org

ਉਸ ਵਕਤ ਹੋਇਆ ਜਿਸ ਵੇਲੇ ਕਿ ਗੁਰਦੁਆਰਾ ਸੱਚਖੰਡ ਜੀ ਵਿਖੇ ਗੁਰੂ ਕੇ ਲੰਗਰ ਦੀ ਕੇਵਲ ਇਕ ਵੇਲੇ ਹੀ ਹਾਜਰੀ ਹੁੰਦੀ ਸੀ। ਪਹਿਲੇ ਪਹਿਲੇ, ਜਦੋਂ ਸ੍ਰੀ ਮਾਨ ਸੰਤ ਬਾਬਾ ਜੀ ਨੇ ਇਸ ਅਸਥਾਨ ਤੇ ਆਸਣ ਲਾਏ, ਉਸ ਵੇਲੇ ਇਥੇ ਜੰਗਲ ਹੀ ਜੰਗਲ ਹੁੰਦਾ ਸੀ। ਹੁਣ ਉਨਾ ਦੀ ਭਜਨ ਬੰਦਗੀ ਅਨਥੱਕ ਗੁਰਸੇਵਾ, ਅਤੇ ਸਾਹਿਬਾਂ ਦੀ ਕਿਰਪਾ ਦ੍ਰਿਸ਼ਟੀ ਦਾ ਸਦਕਾ ਇਥੇ ਜੰਗਲ ਵਿਚ ਮੰਗਲ ਲਗ ਗਿਆ ਹੈ ਅਤੇ ਅਠੇ ਪਹਿਰ ਖੁਲਾ ਅਤੁਟ ਲੰਗਰ ਵਰਤ ਰਿਹਾ ਹੈ। ਸੰਗਤਾ ਦੇ ਆਰਾਮ ਹਿਤ ਬਹੁਤ ਸਾਰੇ ਸੁੰਦਰ ਕਮਰੇ ਵੀ ਬਨ ਚੁਕੇ ਹਨ। ਸੇਵਾ ਦੇ ਪੁੰਜ ਸ੍ਰੀ ਮਾਨ ਬਾਬਾ ਜੀ ਨੇ ਜਿਥੇ ਕੰਈ ਗੁਪਤ ਅਸਥਾਨ ਨੂੰ ਪ੍ਰਗਟ ਕਰਕੇ ਭਾਰੀ ਉਪਕਾਰ ਕੀਤਾ ਹੈ ਉਥੇ ਉਨਾਂ ਨੇ "ਤੇਰੇ ਭਾਨੇ ਸਰਬਤ ਕਾ ਭਲਾ" ਦੇ ਮਹਾਂਵਾਕ ਅਨੁਸਾਰ ਨਗੀਨਾ ਘਾਟ ਸੀਮੰਟ ਰੋੜ ਦਾ ਅਰੰਭ ੧੯੪੫ ਈਸਵੀ ਵਿਚ ਕੀਤਾ ਸੀ। ਕਾਸ਼! ਜੋ ਇਹ ਮਹਾਂਨ ਸੇਵਾ ਸੰਪੂਰਨ ਹੋਣ ਤੋਂ ਪਹਿਲਾਂ ਹੀ ਸ੍ਰੀ ਦਸਮੇਸ਼ ਪਿਤਾ ਜੀ ਨੇ ਉਨਾਂ ਨੂੰ ਆਪਣੀ ਹਜ਼ੂਰੀ ਵਿਚ ਬੁਲਾ ਲਿਆ, ਅਤੇ ਸ੍ਰੀ ਮਾਨ ਸੰਤ ਬਾਬਾ ਜੀ ੪ ਅਗਸਤ ੧੯੪੭ ਰਾਤ ਦੇ ਪੌਨੇ ਨੌ ਵਜੇ ਜੋਤੀ ਜੋਤ ਸਮਾ ਗਏ।

ਆਪ ਜੀ ਦੇ ਸ਼ੱਚਖੰਡ ਪਯਾਣਾ ਕਰਨ ਵੇਲੇ, ਅਕਾਸ਼ ਵਿਚ ਬੜਾ ਭਾਰੀ ਪ੍ਰਕਾਸ਼ ਹੋਇਆ ਜੋ ਸਾਧ ਸੰਗਤ ਤੇ ਲਖਾਂ ਹੀ ਦੂਰ ਦੂਰ ਤਕ ਲੋਕਾਂ ਨੇ ਅਖੀਂ ਵੇਖਿਆ, ਅਤੇ ਆਪ ਜੀ ਦੇ ਸ੍ਰੀਰ ਤਿਆਗਣ ਨਾਲ ਹੀ ਚਾਨਣਾ ਝਟ ਅਲੋਪ ਹੋ ਗਿਆ।

ਪੰਜ ਅਗਸਤ ੧੯੪੭ ਦਿਨ ਮੰਗਲਵਾਰ ਨੂੰ ਸਾਰੇ ਸਹਿਰ ਵਾਸੀਆਂ ਨੇ ਸੋਗ ਵਜੋਂ ਹੜਤਾਲ ਕੀਤੀ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਇਕੱਤਰ ਹੋਕੇ ਆਪਜੀ ਦਾ ਬਿਬਾਨ ਵਿਚ ਭਾਰੀ ਜਲੂਸ ਕਢਿਆ। ਇਹ ਅਲੋਕਿਕ ਤੇ ਸੁੰਦਰ ਨਜ਼ਾਰਾ ਬਹੁਤ ਹੀ ਦੇਖਨ ਯੋਗ ਸੀ ਅਤੇ ਫੋਟੋ ਭੀ ਲਈਆਂ ਸਨ।



Digitized by Panjab Digital Library | www.panjabdigilib.org

੧੩ ਅਗਸਤ ਦਿਨ ਬੁਧਵਾਰ ਨੂੰ ਗੁ: ਲੰਗਰ ਸਾਹਿਬਜੀ ਵਿਖੇ ਆਪਜੀ ਦਾ ਦਸਵਾ ਮਨਾਇਆ ਗਿਆ। ਸਵੇਰੇ ੮ ਵਜੇ ਜਲੂਸ ਕਢਕੇ ਆਪਜੀਦੇ ਫੁਲ ਗੁਦਾਵਰੀ ਨਦੀ ਵਿਚ ਜਲ ਪਰਵਾਹ ਕੀਤੇ ਗਏ। ੯ ਵਜੇ ਗੁਰੂ ਮਹਾਰਾਜ ਜੀ ਦੀ ਪਾਵਨ ਹਜ਼ੂਰੀ ਵਿਚ ਦੀਵਾਨ ਸਜਿਆ ਜਿਸ ਵਿਚ ਸ਼ਹਿਰ ਦੇ ਹਿੰਦੂ ਮੁਸਲਮਾਨ ਪਤ ਵੰਤੇ, ਡੀ. ਸੀ. ਸਾਹਿਬ ਜਿਲਾ, ਅਤੇ ਲੱਖਾ ਦੀ ਗਿਣਤੀ ਵਿਚ ਸੰਗਤਾਂ ਨੇ ਦਰਸ਼ਨ ਦਿਤੇ। ਸੋ "ਸਾਧ ਕੀ ਮਹਿਮਾ ਬੇਦ ਨਾ ਜਾਨਹਿ" ਤਥਾ "ਸੰਤਨ ਕਿ ਮਹਿਮਾ ਕਵਨ ਵਖਾਨਉ। ਅਗਾਧ ਬੋਧ ਤੇ ਅਕਥਯ ਹੈ ਫਿਰ ਵੀ ਬੜੇ ੨ ਗੁਣੀ ਗਿਆਨਿਆਂ ਨੇ ਆਪ ਜੀ ਦੇ ਪਵਿੱਤਰ ਜੀਵਨ ਤੇ ਪਰਉਪਕਾਰ ਵਰਨਨ ਕਰਕੇ ਸੰਗਤਾ ਨੂੰ ਨਿਹਾਲ ਕੀਤਾ। ਚਰਨ ਭਏ ਸੰਤ ਬੋਹਿਥਾ ਤਰੇ ਸਾਗਰ ਜੇਤ, ਜਿਥੇ ਆਪ ਜੀ ਨੇ ਹਜ਼ਾਰਾਂ ਹੀ ਕਲਜੁਗੀ ਜੀਵਾਂ ਦਾ ਉਧਾਰ ਕੀਤਾ ਹੈ ਉਥੇ ਦਾਸ ਦੇ "ਗੁਣ ਔਗੁਣ ਮੇਰਾ ਕਛੁ ਨਾ ਬਿਚਾਰਿਆ" ਔਗੁਣਾ ਨੂੰ ਨਾ ਵੇਖਦੇ ਹੋਏ ਬਚਪਨ ਤੋਂ ਮਿਹਰ ਤੇ ਕਿਰਪਾ ਦ੍ਰਿਸਟੀ ਕਰ "ਆਪੇ ਸੇਵਾ ਲਾਇਨ ਆਪੇ ਬਖਸ਼ ਕਰੇਇ" ਹੁਣ ਤਕ ਆਪਨੇ ਚਰਨ ਕੰਵਲਾ ਨਾਲ ਲਾਈ ਰਖਿਆ ਹੈ ਸੋ ਇਨੇ ਦਿਨ ਪੰਜ ਪਿਆਰੇ ਸਾਹਿਬ ਅਤੇ ਸੁਰਤ ਮੈਂਬਰਾਨ ਕਮੇਟੀ ਸ੍ਰੀ ਸੱਚਖੰਡ ਸਾਹਿਬ ਅਤੇ ਗੁ: ਮਾਤਾ ਸਾਹਿਬ ਕੌਰ ਜੀ ਦੇ ਨਿਹੰਗਾਂ ਸਿੰਘਾ ਦੇ ਪੂਰਨ ਜੱਥੇ ਨੇ ਦੀਵਾਨ ਵਿਚ ਇਕੱਤਰ ਹੋਕੇ ਸੁਬਸੰਮਤੀ ਨਾਲ ਗੁ: ਲੰਗਰ ਸਾਹਿਬ ਜੀ ਦੀ ਸੇਵਾ ਦਾਸ ਨੂੰ ਬਖਸ਼ੀ ਹੈ।

ਦਾਸ ਵਿਚ ਇਨੀ ਬਲ ਬੁਧੀ ਤੇ ਇਨੀ ਕਠਿਨ ਜ਼ਿਮੇਂਵਾਰੀਆਂ ਨੂੰ ਸੰਭਾਲਨ ਦੀ ਸ਼ਕਤੀ ਨਹੀਂ ਹੈ। ਫਿਰ ਭੀ ਗੁਰੂ ਰੂਪ ਸਾਧ ਸੰਗਤ ਸਮਰਥ ਹੈ। ਅਤੇ "ਅਪਨਾ ਕਾਰਜ ਆਪੁ ਸਵਾਰਿਆ ਮਾਨਸ ਕਿਆ ਵਿਚਾਰਾ ਰਾਮ। ਸਾਹਿਬਾਂ ਦੀ ਮਿਹਰ ਨਾਲ ਇਹ ਮਹਾਂਨ ਕਾਰਜ ਉਸੇ ਤਰਾਂ ਹੀ ਸੰਪੂਰਨ ਚਲ ਰਹੇ ਹਨ। ਨਹੀ ਤਾਂ, ਕਹੁ ਮਾਨੁਖ ਤੇ ਕਿਆ ਹੋਇ ਆਵੈ।"



Digitized by Panjab Digital Library | www.panjabdigilib.org

"ਜਿਸ ਕਾ ਕਾਰਜ ਤਿਨ ਹੀ ਕੀਆ, ਮਾਨਸ ਕਿਆ ਵਿਚਾਰਾ ਰਾਮ"

ਇਹੋ ਜਿਹੇ ਮਹਾਨ ਕਾਰਜ ਗੁਰੂ ਮਹਾਰਾਜ ਆਪ ਹੀ ਨਿਭਾ ਕੇ ਸੇਵਕਾਂ ਨੂੰ ਨਿਵਾਜਦੇ ਹਨ ! ਫਿਰ ਭੀ ਇਨਾਂ ਗੁਰਮੁਖਾਂ ਦੀ ਅਤੁਟ ਘਾਲਨਾ ਤੇ ਅਨਥੱਕ ਗੁਰਸੇਵਾ ਬਹੁਤ ਹੀ ਸ਼ਲਾਘਾ ਯੋਗ ਹੈ। ਜਿਨਾਂ ਨੇ ਬਚਪਨੇ ਤੋਂ ਹੀ ਆਪਣੀ ਕੀਮਤੀ ਜਿੰਦਗੀਆਂ ਗੁਰੂ ਜੀ ਨੂੰ ਅਰਪਨ ਕਰਕੇ ਹੁਣ ਤਕ ਉਸੇ ਤਰਾਂ ਤਨੋ ਮਨੋ ਸੇਵਾ ਕਮਾਂ ਰਹੇ ਹਨ । ਦਾਸ ਇਨਾਂ ਦਾ ਅਤੀ ਧੰਨਵਾਦੀ ਹੈ ।

## — ਮੁਖੀ ਸੇਵਕ —

੧ ਭਾਈ ਸ਼ੇਰਸਿੰਘ ਜੀ
੨ ਭਾਈ ਨਥਾਸਿੰਘ ਜੀ
੩ ਭਾਈ ਅਮਰਸਿੰਘ ਜੀ
੪ ਭਾਈ ਪੂਰਨਸਿੰਘ ਜੀ
੫ ਭਾਈ ਆਇਆਸਿੰਘ ਜੀ ਰਾਗੀ
੬ ਭਾਈ ਸੰਤ ਆਤਮਾਸਿੰਘ ਮੋਨੀ
੭ ਭਾਈ ਤੇਜਾਸਿੰਘ ਜੀ
੮ ਭਾਈ ਕ੍ਰਿਪਾਲਸਿੰਘ ਜੀ ਰਾਗੀ
੯ ਭਾਈ ਨਿਹਾਲਸਿੰਘ ਜੀ
੧੦ ਬਾਬਾ ਨੰਦਸਿੰਘ ਜੀ
੧੧ ਮਾਈ ਹਰਨਾਮ ਕੌਰ ਜੀ
੧੨ ਭਾਈ ਦਲੀਪਸਿੰਘ ਜੀ
੧੩ ਮਿਸਤਰੀ ਸੂਰਤਾਸਿੰਘ ਜੀ
੧੪ ਰਾਗੀ ਜੀਵਨਸਿੰਘ ਜੀ
੧੫ ਭਾਈ ਹਜ਼ੂਰਾਸਿੰਘ ਜੀ
੧੬ ਸੰਤ ਸ਼ਾਧੂਸਿੰਘ ਜੀ ਮੋਨੀ
੧੭ ਭਾਈ ਜ਼ੋਰਾਸਿੰਘ ਜੀ
੧੮ ਭਾਈ ਸੇਵਾਸਿੰਘ ਜੀ
੧੯ ਭਾਈ ਨਰੈਣਸਿੰਘ ਜੀ
੨੦ ਭਾਈ ਹਰੀਸਿੰਘ ਜੀ
੨੧ ਭਾਈ ਮੁਖਤਿਆਰਸਿੰਘ ਜੀ
੨੨ ਭਾਈ ਸ਼ਰਮਸਿੰਘ ਮਿਸਤਰੀ
੨੩ ਭਾਈ ਜੋਗਾਸਿੰਘ ਜੀ
੨੪ ਗਿ: ਬਲਵੰਤਸਿੰਘ ਜੀ ਬੰਦੀ B. A.
੨੫ ਬਾਬਾ ਟਹਲਸਿੰਘ ਜੀ ਚਾਵਲਾਂਵਾਲੇ

ਹੁਣ ਸ੍ਰੀਮਾਨ ਸੱਚਖੰਡਵਾਸੀ ਬਾਬਾ ਜੀ ਦੀ ਆਰੰਭੀ ਨਗੀਨਾ ਘਾਟ ਵਾਲੀ ਸੇਵਾ ਤੇ ਬਿਅੰਤ ਮਾਯਾ ਲਗਾਕੇ ਸੰਪੂਰਨ ਹੋ ਗਈ ਹੈ, ਕੇਵਲ



Digitized by Panjab Digital Library | www.panjabdigilib.org

ਮਾਈਆਂ ਦੇ ਇਸਨਾਨ ਲਈ ਪੌਣਾ ਬਣਨਾਂ ਬਾਕੀ ਹੈ । ਸੋ ਇਹ ਭੀ ਸਾਧ ਸੰਗਤ ਦੇ ਉਦਮ ਤੇ ਪਰਉਪਕਾਰ ਸਦਕਾ ਸ਼ੀਘ੍ਰ ਹੀ ਸੰਪੂਰਨ ਕੀਤੀ ਜਾਵੇਗੀ।

ਹੁਣ ਧਰਮ ਮੂਰਤੀ ਸੱਚਖੰਡਵਾਸੀ ਸ੍ਰੀਮਾਨ ਜੀ ਦਾ ਅੰਗੀਠਾ ਸਾਹਿਬ ਗੁਰੂ ਸਾਹਿਬ ਜੀ ਦੇ ਨਿਸ਼ਾਨ ਸਾਹਿਬ ਦੇ ਨਾਲ ਹੀ ਸਾਹਮਣੇ ਸੜਕ ਵਾਲੇ ਪਾਸੇ ਸੁਸ਼ੋਭਤ ਹੈ । ਆਪ ਜੀ ਪਹਿਲਾਂ ਇਸੇ ਥਾ ਤੇ ਇਕਤਾਰੇ ਨਾਲ "ਬੋਲਹੁ ਜਸ ਜਿਹਬਾ ਦਿਨੁ ਰਾਤ" ਸਾਹਿਬਾਂ ਦੇ ਇਸ ਅਰਸ਼ੀ ਹੁਕਮਨਾਮੇ ਨੂੰ ਮਨ ਵਿਚ ਵਸਾ ਕੇ ਨਾਮ ਸਿਮਰਨ ਤੇ ਪਰੇਮਾ ਭਗਤੀ ਦਾ ਅਕਹਿ ਰਸ ਮਾਣਦਿਆਂ ਸਾਰੀ ਸਾਰੀ ਰਾਤ ਬੈਠਿਆਂ ਗੁਜ਼ਾਰਦੇ ਸਨ ।

## ਗੁਰਦੁਆਰਾ ਲੰਗਰ ਸਾਹਿਬ ਦੀ ਨਿਤ ਕ੍ਰਿਤ

ਅੰਮ੍ਰਤ ਵੇਲੇ ਤਿੰਨ ਵਜਦੇ ਹੀ ਗ੍ਰੰਥੀ ਸਿੰਘ ਜੀ, ਰਾਗੀ ਸਿੰਘ ਜੀ, ਲਾਂਗਰੀ ਸਿੰਘ ਜੀ ਸੋਚ ਅਸ਼ਨਾਨ ਪਿਛੋਂ ਆਪਣੀ ਆਪਣੀ ਸੇਵਾ ਤੇ ਡਟ ਜਾਂਦੇ ਹਨ। ਨਗਾਰੇ ਤੇ ਚੋਟ ਪੈਂਦਿਆ ਹੀ ਅਰਦਾਸ ਬੇਨਤੀ ਹੋਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਕੀਤੇ ਜਾਂਦੇ ਹਨ । ਰਾਗੀ ਸਿੰਘ ਜੀ, ਹੁਕਮਨਾਮਾ ਸ੍ਰਵਨ ਕਰ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਕਰਦੇ ਹਨ । ਜਿਹਦੇ ਭੋਗ ਪੈਣ ਤੇ ੬ ਵਜੇ ਅਰਦਾਸ ਬੇਨਤੀ ਪਿਛੋਂ ਗੁਰੂ ਮਹਾਰਾਜ ਜੀ ਦੇ ਹੁਕਮਨਾਮੇ ਲਏ ਜਾਂਦੇ ਹਨ । ਫਿਰ ਕੜਾਹ ਪ੍ਰਸ਼ਾਦਿ ਦੀ ਦੇਗ ਵਰਤੱਦੀ ਹੈ ਅਤੇ ਨਾਲ ਹੀ ਸੰਗਤਾਂ ਆਪਣੀ ਸ਼੍ਰਧਾ ਅਨੁਸਾਰ ਮਾਇਆ ਹਜ਼ੂਰੀ ਵਿਚ ਭੇਟਾ ਕਰਕੇ ਅਰਦਾਸੇ ਸੁਧਾਉਂਦੀਆਂ ਹਨ। ਜੇ ਕਿਸੇ ਪ੍ਰੇਮੀ ਨੇ ਪਾਠ ਰਖਨਾ ਹੋਵੇ ਤਾਂ ਉਹ ਭੀ ਇਸੇ ਵੇਲੇ ਅਰਦਾਸ ਪਿਛੋਂ ਅਰੰਭ ਹੁੰਦਾ ਹੈ, ਇੱਨੇ ਨੂੰ ਚਾਟੇ ਦੀਆ ਦੇਗਾਂ ਤਿਆਰ ਹੋ ਜਾਂਦੀਆ ਹਨ। ਸੰਗਤਾਂ ਗਰਮ ਚਾਹ ਛਕਕੇ ਸ੍ਰੀ ਸੱਚਖੰਡ ਸਾਹਿਬ ਜੀ ਦੇ ਦਰਸ਼ਨਾ ਨੂੰ ਚਲੀਆਂ ਜਾਂਦੀਆਂ ਹਨ । ੧੦ ਕੁ ਵਜੇ ਗੁਰੂ ਕਾ ਲੰਗਰ ਖੁਲ ਜਾਂਦਾ ਹੈ । ਸੰਗਤਾ ਗਫੇ ਲਾਕੇ ਦੂਜੇ ਗੁਰਦੁਆਰੀਆਂ ਤੇ ਦਰਸ਼ਨਾ ਨੂੰ ਚਾਲੇ ਪਾ ਦੇਂਦੀਆ ਹਨ। ਗੁਰੂ ਕਾ



Digitized by Panjab Digital Library | www.panjabdigilib.org

ਲੰਗਰ ਸਾਰਾ ਦਿਨ ਵਰਤਦਾ ਰਹਿੰਦਾ ਹੈ। ਸ਼ਾਮ ਨੂੰ ੭ ਵਜੇ ਰਹਿਰਾਸ ਦੇ ਪਾਠ ਦੇ ਭੋਗ ਪੈਣ ਤੇ ਲੰਗਰ ਖੁਲ ਜਾਂਦਾ ਹੈ।

ਸੰਗਤਾਂ ਦੇ ਅਰਾਮ ਲਈ ਰੇਲ ਗੱਡੀ ਦੇ ਹਰ ਟਾਇਮ ਤੇ ਗੁ: ਲੰਗਰ ਸਾਹਿਬ ਵਲੋਂ ਬੈਲ ਗੱਡੀ ਜਾਂਦੀ ਹੈ ਜੋ ਸੰਗਤਾ ਨੂੰ ਸਟੇਸ਼ਨ ਪੁਚਾਕੇ ਆਈ ਸੰਗਤ ਨੂੰ ਗੁਰਦੁਆਰਾ ਸਾਹਿਬ ਵਿਖੇ ਲਿਆਂਉਂਦੀ ਹੈ। ਰਾਤ ਨੂੰ ਆਈ ਸੰਗਤ ਲੰਗਰ ਛਕਕੇ ਕਮਰਿਆਂ ਵਿਚ ਰੈਣ ਬਿਸਰਾਮ ਕਰਦੀ ਹੈ। ਅਤੇ ਫਿਰ ਅੰਮ੍ਰਿਤ ਵੇਲੇ ਚਾਰ ਵਜੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸੁਰੂ ਹੋਂਦਾ ਹੈ।

# ਗੁਰਦੁਆਰਾ ਨਗੀਨਾ ਘਾਟ ਸਾਹਿਬ

॥ ਬੈਂਤ ॥

ਇਕ ਸਿੱਖ ਵਣਜਾਰਾ ਸੀ ਗੁਰੂ ਜੀ ਦਾ।
ਆਇਆ ਗੁਰਾਂ ਦਾ ਕਰਨ ਦੀਦਾਰ ਭਾਈ ॥
ਭੇਟਾ ਕੀਤਾ ਨਗੀਨਾ ਓਸ ਗੁਰੂ ਜੀ ਨੂੰ।
ਜੀਹਦੀ ਕੀਮਤ ਸੀ ਲੱਖ ਹਜਾਰ ਭਾਈ ॥
ਮਨ ਵਿਚ ਉਸਦੇ ਬੜਾ ਹੰਕਾਰ ਹੋਇਆ।
ਸਿੱਖ ਹੋਇਗਾ ਕੋਈ ਸੰਸਾਰ ਭਾਈ ॥
ਮੇਰੇ ਨਾਲ ਗੁਰੂ ਕਰਨ ਪਿਆਰ ਬਹੁਤਾ।
ਇਹ ਕੁਛ ਰਿਹਾ ਸੀ ਦਿਲ ਵਿਚਾਰ ਭਾਈ ॥
ਜਾਣੀ ਜਾਣ ਗੁਰੂ ਦਿਲਾਂ ਦੀ ਜਾਣ ਗਏ ਨੇ।
ਮਨ ਵਿਚ ਸਿੱਖ ਦੇ ਬੜਾ ਹੰਕਾਰ ਭਾਈ ॥
ਰੁੜਦਾ ਜਾਵੰਦਾ ਵੇਖ ਕੇ ਸਿੱਖ ਤਾਂਈ।
ਕਰਨ ਲਗੇ ਹੁਣ ਭਵਜਲੋਂ ਪਾਰ ਭਾਈ ॥



Digitized by Panjab Digital Library | www.panjabdigilib.org

ਨਗੀਨਾ ਹਥ ਵਿਚ ਲੈਕੇ ਸੁਟਿਆਏ ।

ਡਿੱਗਾ ਜਾਇਕੇ ਨਦੀ ਵਿਚਕਾਰ ਭਾਈ ॥

ਹਰਨਾਮ ਸਿੰਘ, ਉਹ ਸਿੱਖ ਪਛਤਾਨ ਲਗਾ ॥

ਪਸੇਮਾਨ ਤੇ ਹੋਇਆ ਲਾਚਾਰ ਭਾਈ ॥

ਆਗਏ ਮਿਹਰ ਦੇ ਘਰ ਵਿਚ ਗੁਰੂ ਸੱਚੇ ।

ਸੁੰਦਰ ਮੁਖ ਚੋਂ ਫਿਰ ਫੁਰਮਾਇਆ ਏ ॥

ਨਗੀਨਾ ਘਾਟ ਇਹ ਜਗਾ ਮਸ਼ਹੂਰ ਹੋਸੀ ।

ਇਸੇ ਲਈ ਨਗੀਨਾ ਸੁਟਾਇਆ ਏ ॥

ਧੰਨ ਧੰਨ ਸਭ ਸੰਗਤਾਂ ਕਹਿਨ ਮੁਖ ਥੀਂ ।

ਚੋਜੀ ਪ੍ਰੀਤਮ ਨੇ ਚੋਜ ਵਰਤਾਇਆ ਏ ॥

ਸੱਚੇ ਪਾਤਸ਼ਾਹ ਸਿੱਖ ਨਿਹਾਲ ਕੀਤਾ ।

ਨਾਲੇ ਸਿੰਘ ਹਰਨਾਮ ਬਖਸ਼ਵਾਇਆ ਏ ।

## ॥ ਚੌਪਈ ॥

ਨਗੀਨਾ ਘਾਟ ਇਹ ਅਬ ਤਕ ਨਾਮੰ, ਮਸ਼ਹੂਰ ਹੈ ਜਗ ਗੁਰ ਧਾਮੰ ।

ਨਦੀ ਕਿਨਾਰਾ ਛਬ ਦਿਖਰਾਵੈ, ਸ੍ਰੀ ਸਤਿਗੁਰ ਕਾ ਤਖਤ ਸੁਹਾਵੈ ॥

ਝੂਲਤ ਸ੍ਰੀ ਗੁਰੂ ਐਸ ਨਿਸਾਨ, ਜਿਸ ਸਮ ਨਾਹਿ ਜਗਤ ਮਹਿ ਆਨ ।

ਝੂੰਡ ਬਿਛਨ ਨੇ ਬੜੇ ਅਡੋਲੈ, ਭਾਂਤ ਭਾਂਤ ਪੰਛੀ ਗਨ ਬੋਲੈ ॥

ਸੁੰਦਰ ਪੌੜ ਘਾਟ ਛਬ ਦੇਵੈ, ਕਰ ਇਸ਼ਨਾਨ ਸਭ ਕੋ ਹਰਖੇਵੈ ।

ਸੰਤ ਨਿਧਾਨਸਿੰਘ ਪਰਉਪਕਾਰੀ, ਸਤਿਗੁਰ ਕੀ ਸੇਵਾ ਬਹੁਤ ਪਿਆਰੀ ॥

ਬੀਚ ਖੜੇ ਹੋਇ ਕਾਰ ਕਰਾਈ, ਸੰਗਤ ਧੰਨ ਧੰਨ ਮੁਖੋ ਅਲਾਈ ।

ਸੁੰਦਰ ਐਸੇ ਪੌੜ ਬਨਾਇਓ, ਸਾਧ ਸੰਗਤ ਸੇਵਾ ਮਨ ਭਾਇਓ ॥


ਕਰੈ ਕਾਰ ਜਬ ਛਡੇ ਜੈਕਾਰਾ, ਗੂੰਜ ਉਠੇ ਸਭ ਨਦੀ ਕਿਨਾਰਾ ।

ਸੇਵ ਕਰੇ ਸੰਗਤ ਸਮੁਦਾਈ, ਹੋਇ ਇਕੱਤ੍ਰ ਸਭ ਮਾਂਈ ਭਾਈ ॥




Digitized by Panjab Digital Library | www.panjabdigilib.org

## ਗੁਰਦੁਆਰਾ ਨਗੀਨਾਘਾਟ ਸਾਹਿਬ




## ਗੁਰਦੁਆਰਾ
## ਸ੍ਰੀ ਬੰਦਾ ਘਾਟ



Digitized by Panjab Digital Library | www.panjabdigilib.org

ਗੁਰਦੁਆਰਾ
ਸ੍ਰੀ ਪੰਗਤ ਸਾਹਿਬ



ਗੁਰਦੁਆਰਾ
ਸ੍ਰੀ ਮਾਲ ਟੇਕਰੀ



Digitized by Panjab Digital Library | www.panjabdigilib.org

ਘਾਟ ਨਗੀਨਾ ਦਰਸ ਅਪਾਰਾ, ਕਹੇ ਹਰਨਾਮਸਿੰਘ ਅਜਬ ਨਜ਼ਾਰਾ ।

ਇਹ ਅਸਥਾਨ ਗੁ: ਲੰਗਰ ਸਾਹਿਬ ਦੇ ਨਾਲ ਹੀ ੨੦-੩੦ ਗਜ਼ ਦੀ ਵਿਥ ਤੇ ਨਦੀ ਕੰਢੇ ਸ਼ਸੋਭਤ ਹੈ । ਇਥੇ ਸ਼ਾਮ ਦੇ ਦੀਵਾਨ ਵਿਚ ਗੁਰੂ ਜੀ ਦਰਸ਼ਨ ਬਖਸ਼ਕੇ ਨਿਹਾਲ ਕਰਦੇ ਸਨ । ਇਕ ਦਿਨ ਸਜੇ ਦਿਵਾਨ ਵਿਚ ਇਕ ਗੁਰਸਿੱਖ ਲਖੀ ਵਣਜਾਰੇ ਨੇ ਇਕ ਬਹੁ ਮੁਲਾ ਨਗੀਨਾ, ਸਾਹਿਬਾਂ ਦੀ ਭੇਟ ਆਨ ਧਰਿਆ ਅਤੇ ਹੰਕਾਰ ਦੇ ਹੜ ਵਿਚ ਗੋਤੇ ਖਾ ਰਿਹਾ ਇਹ ਗੁਰ ਸਿੱਖ ਮਨ ਹੀ ਮਨ ਵਿਚ ਬੜੀਆਂ ਗਿਣਤੀਆਂ ਗਿਣ ਰਿਹਾ ਸੀ । ਏਨੇ ਨੂੰ ਸਾਹਿਬਾਂ ਨੇ ਆਪਨੇ ਅੰਮ੍ਰਤ ਵਰਸਾਉਣ ਵਾਲੇ ਨੈਣ ਖੋਹਲੇ ਅਤੇ ਫਕੀਰਾਂਨਾ ਬੇ ਪਰਵਾਹੀ ਵਿਚ ਉਹ ਨਗੀਨਾ ਲਾਗੇ ਵਗਦੀ ਨਦੀ ਵਿਚ ਦੇ ਮਾਰਿਆ । ਇਹ ਵੇਖ ਉਸ ਗੁਰਸਿੱਖ ਦਾ ਦਿਲ ਧੂਹਿਆ ਗਿਆ "ਜੋ ਸਾਹਿਬਾਂ ਨੂੰ ਨਗੀਨੇ ਦੀ ਪਰਖ ਨਹੀਂ ਹੋਈ ।" ਅੰਤਰ ਜਾਮੀ ਦਾਤਾ ਜੀ ਨੇ ਗੁਰਸਿੱਖ ਦੀ ਦਸ਼ਾ ਅਨੁਭਵ ਕਰਕੇ, ਨਦੀ ਵਿਚੋਂ ਆਪਣਾ ਨਗੀਨਾ ਕਢ ਲਿਆਉਣ ਦੀ ਆਗਿਆ ਦਿਤੀ । ਹੁਕਮ ਮੰਨਕੇ ਜਦੋਂ ਉਸ ਨੇ ਨਦੀ ਚੋਂ ਬੁਕ ਭਰਕੇ ਬਾਹਿਰ ਕਢਿਆ ਤਾਂ ਆਪਣੇ ਹਥਾਂ ਵਿਚ ਬਹੁਤ ਹੀ ਬਹੁ ਮੁਲੇ ਨਗੀਨੇ ਵੇਖ ਬੜਾ ਸ਼ਰਮਸਾਰ ਹੋਇਆ ਅਤੇ ਸਾਹਿਬਾਂ ਪਾਸੋਂ ਆਪਨੀ ਭੁਲ ਬਖਸ਼ਵਾਈ ਇਸ ਅਸਥਾਨ ਦੀ ਸ਼ਾਨਦਾਰ ਇਮਾਰਤੀ ਸੇਵਾ ਰਾਜਾ ਗੁਲਾਬਸਿੰਘ ਜੀ ਸੇਠੀ ਦਿਲੀਵਾਲੇ ਕਰਵਾ ਰਹੇ ਹਨ ਇਸ ਦੇ ਨਾਲ ਲਗਦੇ ਘਾਟ ਤੇ ਸੜਕ ਦੀ ਸੇਵਾ ਸ੍ਰੀਮਾਨ ਸੰਤ ਬਾਬਾ ਨਿਧਾਨ ਸਿੰਘ ਜੀ ਨੇ ਕਰਾਈ ਹੈ ਇਥੋਂ ਦੇ ਪੁਜਾਰੀ ਭਾ: ਗੰਗਨ ਸਿੰਘ ਜੀ ਹਨ ।

## ਗੁਰਦੁਆਰਾ ਬੰਦਾ ਘਾਟ ਸਾਹਿਬ

॥ ਬੈਂਤ ॥

ਚੋਜੀ ਪ੍ਰੀਤਮਜੀ ਚੋਜ ਬੇਅੰਤ ਕਰਦੇ ।
ਇਕ ਦਿਨ ਨਵਾ ਹੀ ਚੋਜ ਵਰਤਾਂਵੰਦੇ ਨੇ ॥



Digitized by Panjab Digital Library | www.panjabdigilib.org

ਬਸਤ੍ਰ ਬਸਤ੍ਰ ਸਜਾਇਕੇ ਤਿਆਰ ਹੋਇ ।
ਜਿਗਾ ਸੋਹਣੀ ਫਿਰ ਸ਼ੀਸ ਸਜਾਵੰਦੇ ਨੇ ॥
ਘੋੜੇ ਦਲ ਸਿੰਗਾਰ ਸਵਾਰ ਹੋਕੇ ।
ਹੁਕਮ ਸ਼ੇਰ ਦਾ ਗੁਰੂ ਫੁਰਮਾਵੰਦੇ ਨੇ ॥
ਨਾਲ ਸੂਰਮੇਂ ਸਿੰਘ ਦਲੇਰ ਬਾਂਕੇ ।
ਰਾਮ ਜੰਗਿਆਂ ਤਾਂਈ ਉਠਾਵੰਦੇ ਨੇ ॥
ਹਰਨਾਮ ਸਿੰਘ ਕਹੇ, ਗੁਰਾ ਦੀ ਸਿਫਤ ਕੇਹੜੀ ।
ਕੌਤਕ ਨਵੇਂ ਤੇ ਨਵੇਂ ਰਚਾਵੰਦੇ ਨੇ ॥
ਕੁਛ ਦੂਰ ਜਦ ਗਏ ਦਸਮੇਸ਼ ਗੁਰੂ ਜੀ ।
ਇਕ ਬਾਗ ਨੂੰ ਜਾਇ ਤਕਾਇਆ ਸਿੰਘਾ ॥
ਵਾਹੋ ਦਾਹ ਕਰਕੇ ਨੇੜੇ ਜਾਇ ਪਹੁੰਚੇ ।
ਸ਼ਾਨ ਵੇਖਕੇ ਚਿਤ ਹਰਖਾਇਆਂ ਸਿੰਘਾ ॥
ਅੰਦਰ ਬਾਗ ਦੇ ਜਾਇਕੇ ਜੋਧਿਆਂ ਨੇ ।
ਘੋੜੇ ਛਡਕੇ ਆਸਨ ਲਗਾਇਆ ਸਿੰਘਾਂ ॥
ਸੋਹਣੇ ਪਲੰਗ ਤੇ ਸਤਿਗੁਰੂ ਜਾਇ ਬੈਠੇ ।
ਆਏ ਸੂਰਿਆਂ ਸੀਸ ਝੁਕਾਇਆ ਸਿੰਘਾਂ ॥
ਘੋੜੇ ਹਿਨੱਕਦੇ ਬਾਗ ਵਿਚ ਫਿਰਨ ਭਜੇ ।
ਤੋੜ ਤੋੜ ਕੇ ਫਲ ਵਰਤਾਇਆ ਸਿੰਘਾਂ ॥
ਦੇਗ ਗੁਰੂ ਦੀ ਝਟ ਤਿਆਰ ਹੋਈ ।
ਪੰਗਤ ਲਾਇਕੇ ਲੰਗਰ ਛਕਾਇਆ ਸਿੰਘਾ ॥
ਬੈਂਤ :- ਤੇਰੇ ਬਾਗ ਨੂੰ ਇਨਾਂ ਉਜਾੜ ਦਿਤਾ ।
ਚੇਲੇ ਆਇਕੇ ਹਾਲ ਸੁਣਾਵੰਦੇ ਨੇ ॥
ਸਾਡੇ ਵਰਜਿਆਂ ਮੂਲ ਨਾ ਰਹਿਣ ਬਾਬਾ ।
ਉਚੀ ਹੋਇਕੇ ਰੌਲੀਆਂ ਪਾਵੰਦੇ ਨੇ ॥



Digitized by Panjab Digital Library | www.panjabdigilib.org

ਇਕ ਤੇਰੇ ਪਲੰਘ ਤੇ ਜਾਇ ਬੈਠਾ ।
"ਸੱਚਾ ਪਾਤਸ਼ਾਹ" ਉਸਨੂੰ ਬੁਲਾਵੰਦੇ ਨੇ ॥

ਮਥਾ ਚੰਦ ਵਰਗਾ ਕਲਗੀ ਝਲਕਦੀ ਹੈ ।
ਕਲਾਵਾਨ ਬਹੁਤੇ ਨਿਗਾਹ ਆਵੰਦੇ ਨੇ ॥

ਝੁਮ ਝੁਮ ਚਮਕਦੀ ਹਥ ਤਲਵਾਰ ਉਹਦੇ ।
ਬਾਬਾ ਬਿਜਲੀ ਨੂੰ ਮਾਤ ਪਾਵੰਦੇ ਨੇ ॥

ਅਜ ਤੋੜੀ ਤਾਂ ਅਸਾਂ ਨੇ ਵੇਖਿਆ ਨਹੀਂ ।
ਚੇਲੇ ਸ਼ਹਿਨਸ਼ਾਹ ਪਏ ਬੁਲਾਵੰਦੇ ਨੇ ॥

(ਮਾਧੋ ਦਾਸ) ਸੁਣਕੇ ਅਗ ਬਗੋਲਾ ਹੋਇਆ ।
ਹੁਕਮ ਬੀਰਾਂ ਦੇ ਤਾਂਈ ਸੁਣਾਵੰਦਾਈ ॥

ਵੇਖੋ ਕੌਣ ਬੇਖਬਰ ਹੋ ਆਇ ਬੈਠਾ ।
ਮੇਰੇ ਨਾਮ ਨੂੰ ਦਿਲੋਂ ਭੁਲਾਵੰਦਾ ਈ ॥

ਉਸਨੂੰ ਮਾਰੋ ਉਲਟਾਏ, ਨ ਦੇਰ ਲਾਵੋ ।
ਹੁਕਮ ਬੀਰਾਂ ਦੇ ਤਾਂਈ ਚੜ੍ਹਾਵੰਦਾ ਈ ॥

ਝਟ ਜਾਇ ਪਲੰਗ ਨੂੰ ਕਰੋ ਮੂਧਾ ।
ਢੰਗ ਇਸਤਰਾਂ ਪਿਆ ਸਮਝਾਵੰਦਾ ਈ ॥

ਜਾਕੇ ਬੀਰਾਂ ਨੇ ਜ਼ੋਰ ਅਜ਼ਮਾਈ ਕੀਤੀ ।
ਹਿਲੇ ਪਲੰਗ ਨਾ, ਕਰ ਪੁਕਾਰ ਆਏ ॥

ਫਿਰ ਹੋਰ ਆਏ, ਫਿਰ ਹੋਰ ਆਏ ।
ਕੰਮ ਸਰੇ ਨਾ ਵਾਰ ਕਰ ਵਾਰ ਆਏ ॥

ਸਭੇ ਸਿਧੀਆਂ ਰਿਧੀਆਂ ਭੁਲ ਗਈਆਂ ।
ਕਿਉਂਕੇ ਹੋਇਕੇ ਬੀਰ ਲਚਾਰ ਆਏ ॥

ਜਤਨ ਸਾਧ ਨੇ ਹਦ ਬੇਹਦ ਕੀਤੇ ।
ਜਾਦੂ ਜੰਤਰਾਂ ਭਰਮ ਨਿਵਾਰ ਆਏ ॥



Digitized by Panjab Digital Library | www.panjabdigilib.org

ਹਥ ਪਲੇ ਜਦ ਵੇਖਿਆ ਰਿਹਾ ਕੁਝ ਨਹੀਂ ।
ਬਾਜ਼ੀ ਅੰਤ ਨੂੰ ਸੰਤ ਜੀ ਹਾਰ ਆਏ ॥
ਝੰਡਾ ਕਿਵਰ ਦਾ ਟੁਟ ਕੇ ਚੂਰ ਹੋਇਆ ।
ਲਭੇ ਜੋਗ ਦੇ ਸਭੀ ਤਰਾਰ ਆਏ ॥
ਉਹ ਅਬੱਲੜਾ ਝੱਲੜਾ ਅਕਲ ਦਾ ਸੀ ।
ਪਾਇ ਪਲੜਾ ਸਮਝ ਕਰਤਾਰ ਆਏ ॥
ਡਿਗਾ ਆਏ ਚਰਨੀ ਕਰਨੀ ਪਈ ਭਰਨੀਂ ।
ਆਖੇ ਆਏ ਭਗਵਾਨ ਦਾਤਾਰ ਆਏ ॥
ਨੱਸੀ ਬੰਦਗੀ ਹੋਈ ਸ੍ਰਮੰਦਗੀਓਂ ।
ਬਖਸ਼ੋ ਦਾਸ ਨੂੰ ਜੀ ਸਿਰਜਨਹਾਰ ਆਏ ।
ਦਾਸ ਜਾਨ ਕੇ ਚਰਨਾ ਦੇ ਨਾਲ ਲਾਵੋ ।
ਕਰਨ ਦਾਸ ਨੂੰ ਭਵਜਲੋਂ ਪਾਰ ਆਏ ॥
ਸੁਣੋ ਖਾਲਸਾ ਜੀ ਗੁਰੂ ਖੁਸ਼ੀ ਹੋਏ ।
ਅੰਮ੍ਰਿਤ ਸੰਤ ਨੂੰ ਗੁਰੂ ਛਕਾਵੰਦੇ ਨੇ ॥
ਬੈਰਾਗੀ ਨਾਮ ਤੋ ਸ਼ੇਰ ਦਲੇਰ ਬਾਂਕਾ ।
ਗੁਰਬਖਸ਼ ਸਿੰਘ ਗੁਰਨਾਮ ਫੁਰਮਾਵੰਦੇ ਨੇ ॥
ਹੈਸੀ ਬੀਰ ਉਹ ਖੰਡੇ ਦੀ ਪਾਣ ਚਾੜ੍ਹੀ ।
ਜਥੇਦਾਰ ਫਿਰ ਸਿੰਘ ਬਨਾਵੰਦੇ ਨੇ ॥
ਕੜਾ, ਕੱਛਾ, ਕ੍ਰਿਪਾਨ ਤੇ ਕੇਸ ਕੰਘਾ ।
ਰਹਿਤ ਬਹਿਤ ਫਿਰ ਗੁਰੂ ਸਮਝਾਵੰਦੇ ਨੇ ॥
ਖੁਸ਼ੀ ਹੋਇ ਫਿਰ ਗੁਰਾਂ ਅਸੀਸ ਦਿਤੀ ।
ਖੁਸ਼ੀ ਸਿੰਘ ਹਰਨਾਮ ਮਨਾਵੰਦੇ ਨੇ ॥

ਗੁਰਦੁਆਰਾ ਬੰਦਾ ਘਾਟ ਸਾਹਿਬ, ਗੁਰਦੁਆਰਾ ਨਗੀਨਾ ਘਾਟ ਸਾਹਿਬ ਜੀ ਤੋਂ ਤਿੰਨ ਫਰਲਾਂਗ ਦੀ ਵਿਥ ਤੇ ਪਛਮਦਿਸ਼ਾ ਨੂੰ ਨਦੀਕੰਢੇ ਸ਼ਸ਼ੋਭਤ ਹੈ ।



Digitized by Panjab Digital Library | www.panjabdigilib.org

ਬਾਬਾ ਗੁਰਬਖਸ਼ ਸਿੰਘ ਬੰਦਾ ਬਹਾਦਰ ਜੀ (ਬਚਪਨੀ ਨਾਮ ਲਛਮਨਦਾਸ) ਪਿੰਡ ਰਾਜੌਰੀ ਇਲਾਕੇ ਪੁਣਛ ਵਿਚ ਰਾਮ ਦੇਵ ਰਾਜਪੂਤ ਦੇ ਘਰ ਜਨਮ ਲਿਆ ! ਸ਼ਿਕਾਰ ਖੇਡਦਿਆਂ ਜਦੋਂ ਇਕ ਦਿਨ ਇਕ ਗਰਭਵਤੀ ਹਰਨੀ ਮਾਰੀ ਤਾਂ ਉਸਦੇ ਪੇਟ ਵਿਚੋਂ ਦੋ ਬਚੇ ਨਿਕਲੇ, ਜੋ ਉਥੇ ਹੀ ਤੜਫ ੨ ਕੇ ਪ੍ਰਾਣ ਤਿਆਗ ਗਏ । ਇਸ ਹਿਰਦੇ ਵੇਧਕ ਸੀਨ ਨੇ ਦਿਲ ਨੂੰ ਐਸ ਚੋਟ ਮਾਰੀ ਕਿ ਆਪ ਬੈਰਾਗੀ ਹੋ ਜੰਗਲਾਂ ਨੂੰ ਚਲੇ ਗਏ ਅਤੇ ਫਿਰਦੇ ਫਿਰਾਂਦੇ ਦੱਖਨ ਵਿਚ ਇਕ ਲੂਣੀਆਂ ਨਾਮੀ ਸੰਤ ਜੀ ਦੇ ਆਇ ਚੇਲੇ ਬਣੇ । ਤਨੋ ਮਨੋ ਹੋਕੇ ਸੇਵਾ ਕਰਨ ਤੇ ਜੰਤ੍ਰਾਂ ਮੰਤ੍ਰਾਂ ਦੀ ਸੂਝ ਹੋਈ ।

ਇਕ ਦਿਨ ਦਸਮੇਸ਼ ਪਿਤਾ ਜੀ ਸਿੰਘਾਂ ਸਮੇਤ ਬੈਰਾਗੀ ਜੀ ਦੇ ਆਸ਼ਰਮ ਨੂੰ ਪਧਾਰੇ ਅਤੇ ਉਸੇ ਪਲੰਗ ਤੇ ਜਾਕੇ ਬਿਰਾਜ ਮਾਨ ਹੋ ਗਏ । ਬੈਰਾਗੀ ਜੋ ਨਦੀ ਕੰਢੇ ਬੈਠੇ ਮਾਲਾ ਫੇਰ ਰਹੇ ਸਨ ਆਪਨੇ ਚੇਲਿਆ ਪਾਸੋ ਇਹ ਸਮਾਚਾਰ ਸੁਣਕੇ ਬੜਾ ਕ੍ਰੋਧਵਾਨ ਹੋਇਆ ਅਤੇ ਝਟ ਆਪਣੇ ਗੁਪਤ ਬੀਰਾਂ ਨੂੰ ਪਲੰਗ ਉਲਟਾਉਣ ਲਈ ਭੇਜ ਦਿਤਾ । ਪ੍ਰੰਤੂ ਜਦੋ ਗੁਰੂ ਜੀ ਅਗੇ ਕੋਈ ਸਫਲਤਾ ਪ੍ਰਾਪਤ ਨਾ ਹੋਂਦੀ ਵੇਖੀ ਤਦੋਂ ਅਧੀਰ ਹੋਕੇ ਆਏ ਸਾਹਿਬਾਂ ਦੀ ਚਰਨੀ ਡਿਗਾ ਤੇ ਬੇਨਤੀ ਕੀਤੀ ! ਪ੍ਰਭੂ ਜੀਓ ! ਆਪਣੇ ਬੰਦੇ ਨੂੰ ਸਿਧੇਮਾਰਗ ਪਾਓ ! ਗੁਰੂ ਜੀ ਨੇ ਉਸਦੇ ਨਿਮ੍ਰਤਾ ਭਾਵ ਤੇ ਖੁਸ਼ ਹੋਕੇ ਅੰਮ੍ਰਿਤ ਦੀ ਦਾਤ ਬਖਸ਼ ਬਾਬਾ ਗੁਰਬਖਸ਼ਸਿੰਘ ਨਾਮ ਰਖਕੇ ਸਿੰਘਾ ਦਾ ਜਥੇਦਾਰ ਥਾਪਿਆਂ । ਕੁਛ ਚਿਰ ਪਿਛੋਂ ਸਾਹਿਬਾਂ ਨੇ ਬਾਬਾ ਬੰਦਾ ਬਹਾਦਰ ਜੀ ਨੂੰ ਪੰਜ ਤੀਰ ਪੰਜੀ ਸਿੰਘ, ਨਿਸ਼ਾਨ ਨਗਾਰਾ ਬਖਸ਼ਕੇ ਮਲੈਛਾ ਦਾ ਕਾਲ ਬਣਾਕੇ ਪੰਜਾਬ ਨੂੰ ਭੇਜਿਆ ਸੀ ।

## ਗੁਰਦੁਆਰਾ ਸੰਗਤ ਸਾਹਿਬ

ਦੋਹਿਰਾ :– ਅਰਜ ਕਰੀ ਤਬ ਸ਼ਾਹ ਨੇ, ਸਤਿਗੁਰ ਦੀਨ ਦਿਆਲ ।
ਦੇਹੁ ਆਗਿਆਂ ਦਾਸ ਨੂੰ, ਕਰਨਾ ਕਰੋ ਕ੍ਰਿਪਾਲ ।



Digitized by Panjab Digital Library | www.panjabdigilib.org

ਪਉੜੀ :— ਸ਼ਹਿਨਸ਼ਾਹ ਤਬ ਗੁਰਾਂ ਨੈ ਇਉਂ ਗਿਰਾ ਉਚਾਰੀ ।
ਤੁਝ ਕੋ ਭਇਓ ਕਾਜ ਕਿਆ ਕਿਉਂ ਕਰੀ ਤਿਆਰੀ ।
ਕਹੇ ਬਹਾਦਰਸ਼ਾਹ, ਸੁਣੋ ਹੋ ਗੁਰੂ ਪਿਆਰੇ ।
ਤਲਬ ਹੈ ਦੇਨੀ ਫੌਜ ਨੂੰ, ਨਹੀ ਪਾਸ ਹਮਾਰੇ ।
ਸੁਨ ਬੇਨਤੀ ਤਬ ਸ਼ਾਹ ਦੀ ਧੀਰਜ ਬੰਧਵਾਈ ।
ਤਲਬ ਮਿਲੇ ਸਬ ਫੌਜ ਨੂੰ ਕਰ ਫਿਕਰ ਨਾ ਰਾਈ ।

## ॥ ਚੌਪਈ ॥

ਸਤਿਗੁਰ ਤਬ ਐਸੇ ਫੁਰਮਾਇਓ, ਦੀਨਾਰਨ ਕੋ ਢੇਰ ਲਗਵਾਇਓ ।
ਸ਼ਾਹ ਕੋ ਆਪਣੇ ਪਾਸ ਬਿਠਾਲਾ, ਕਰੀ ਕਾਰ ਤਬ ਸ੍ਰੀ ਕ੍ਰਿਪਾਲਾ ।
ਸ੍ਰੀ ਮੁਖ ਤੇ ਗੁਰੂ ਇਹ ਫੁਰਮਾਵੇਂ, ਸਬ ਸੈਨਾ ਕੋ ਪਾਸ ਬੁਲਾਵੇਂ ।
ਭਰ ਭਰ ਢਾਲ ਮੋਹਰ ਗੁਰ ਦੇਵੈਂ, ਸਭ ਕੇ ਮਨ ਕਾ ਸੰਸਾ ਖੋਵੈਂ ।
ਹਰਖਤ ਚਿਤ ਆ ਸਭ ਕੋਈ ਲੇਵੈ, ਪਿਖ ਸਤਿਗੁਰੂ ਦਰਸ਼ਨ ਦੁਖ ਖੋਵੈ ।
ਬਾਦਸ਼ਾਹ ਪਰ ਹੋਇ ਦਿਆਲ, ਸ੍ਰੀ ਗੁਰ ਦੇਵੇਂ ਭਰ ਭਰ ਢਾਲ ।
ਸੰਗਤ ਸਾਹਿਬ ਗੁਰਦੁਆਰਾ, ਜੋ ਦਰਸੇ ਫਲ ਪਾਏ ਅਪਾਰਾ ।
ਹਰਨਾਮਸਿੰਘ ਅਸ ਭਣਿਓ ਬੈਣ, ਕਰੀ ਕ੍ਰਿਪਾ ਸਤਿਗੁਰ ਸੁਖ ਦੈਨ ।

ਇਹ ਗੁਰਦੁਆਰਾ ਸੰਗਤ ਸਾਹਿਬ, ਸ੍ਰੀ ਸੱਚਖੰਡ ਸਾਹਿਬ ਜੀ ਤੋਂ ਡੇਢ ਮੀਲ ਪੂਰਬ ਦਿਸ਼ਾ ਨੂੰ ਸ਼ਹਿਰ ਦੇ ਅਖੀਰ ਗੁਦਾਵਰੀ ਕੰਢੇ ਪਵਿੱਤ੍ਰ ਦੀਦਾਰੇ ਦੇ ਰਿਹਾ ਹੈ । ਗੁਰੂ ਜੀ ਦੇ ਦੱਖਨ ਆਗਮਨ ਤੇ ਸਭ ਤੋਂ ਪਹਿਲਾਂ ਇਥੇ ਹੀ ਡੇਰੇ ਲਗਾਇ ਗਏ ਸਨ । ਅਤੇ ਉਸ ਵੇਲੇ ੫੦੦ ਦਾ ਗੁਰਪੂਰਬ ਵੀ ਇਥੇ ਹੀ ਹੋਇਆ ਸੀ ।

ਜਦੋਂ ਮੁਗਲ ਫੌਜਾ ਨੇ ਬਾਦਸ਼ਾਹ ਪਾਸੋਂ ਤਲਬ ਮੰਗੀ ਉਹ ਬੜਾ ਚਿੰਤਾਤੁਰ ਹੋ ਦਿਲੀ ਜਾਨਦੀ ਤਿਆਰੀ ਕਰਕੇ ਇਥੇ ਹੀ ਗੁਰੂ ਜੀ ਤੋਂ ਆਗਿਆ ਲੈਣ ਲਈ ਹਾਜ਼ਰ ਹੋਇਆ ਸ੍ਰੀ ਗ਼ਰੀਬ ਨਿਵਾਜ ਦਾਤਾ ਜੀ ਨੇ ਦੂਜੇ



Digitized by Panjab Digital Library | www.panjabdigilib.org

ਦਿਨ ਮਾਲਟੇਕੜੀ ਤੋ ਗੁਪਤ ਖਜ਼ਾਨਾ ਮੰਗਵਾਕੇ ਫੌਜਾ ਨੂੰ ਢਾਲੇ ਭਰ-ਭਰ ਕੇ ਮਾਇਆ ਬਖਸ਼ੀ ਜਿਸਨੂੰ ਵੇਖ ਸ਼ਾਹ ਅਸਚਰਜ ਰਹਿ ਗਿਆ ।

# ਗੁਰਦੁਆਰਾ ਮਾਲਟੇਕੜੀ ਸਾਹਿਬ

ਸੁਨੋ ਖਾਲਸਾ ਬਾਤ ਹਮਾਰੀ, ਮਾਲ ਟੇਕੜੀ ਥੇਹ ਜੋ ਭਾਰੀ ।
ਤਹਿ ਠਾਹ ਜਾਵੇ ਦੇਰ ਨਾ ਲਾਵੇ, ਇਸ ਵਿਧ ਹਮਰੋ ਹੁਕਮ ਬਜਾਵੇ ।
ਦੀਓ ਪਤਾ, ਤਹਿ ਜਾਇ ਉਖਾੜੋ, ਪੰਜ ਹਥ ਖੋਦੋ ਦੇਰ ਨਿਵਾਰੋ ।
ਤਹਿ ਠਾਹ ਹਮਰੋ ਅਹੈ ਖਜ਼ਾਨਾ, ਦੀਓ ਹੁਕਮ ਇਸ ਵਿਧਗੁਣ ਖਾਨਾ ।
(ਪਉੜੀ) ਸੁਣਿਓ ਹੁਕਮ ਜਬ ਖਾਲਸੇ, ਤਬ ਕਰੀ ਤਯਾਰੀ ।
ਗੱਡੇ ਗਡੀਆਂ ਲੈ ਤੁਰੇ ਸਿੰਘ ਪਰਉਪਕਾਰੀ ।
ਪਹੁੰਚ ਗਏ ਝਟ ਤਹਾਂ ਜਹਾਂ ਗੁਰ ਗਿਰਾ ਉਚਾਰੀ ।
ਲੇ ਖਣਲੀ ਤਬ ਖੋਦਿਓ ਸਿੰਘਨ ਬਲਿਕਾਰੀ ।
ਵੇਖ ਖਜ਼ਾਨਾ ਸੂਰਮੇਂ, ਜਾਵੈਂ ਬਲਿਹਾਰੀ ।
ਭਰ ਭਰ ਰਡੇ ਤੁਰ ਪਏ, ਗੁਰ ਖੇਲ ਨਿਆਰੀ ।
ਮਾਲਟੇਕੜੀ ਥਾਨ ਸ਼ੁਭ ਹੈ ਅਪਰ ਅਪਾਰੀ ।
ਸੰਗਤ ਸਾਹਿਬ ਮਾਂਹਿ ਦੀਓ, ਭਰ ਢਾਲੇ ਭਾਰੀ ।
ਹਰਨਾਮ ਸਿੰਘ ਗੁਰਚਰਨ ਕੋ ਬੰਦਨ ਲਖ ਵਾਰੀ ।
ਕੌਤਕ ਸਤਿਗੁਰ ਅਪਰ ਅਪਾਰ ਲਿਖ ਸਕੇ ਨਾ ਸ਼ਾਇਰੀ ।

ਇਹ ਗੁਰਧਾਮ ਪਕੀ ਸੜਕ ਤੇ ਸ੍ਰੀ ਸੱਚਖੰਡ ਸਾਹਿਬ ਜੀ ਤੋਂ ਤਿੰਨ ਮੀਲ ਉਤਰ ਪੂਰਬ ਦਿਸ਼ਾ ਵਿਚ ਰੇਲਵੇ ਲਾਈਨ ਦੇ ਨਾਲ ਹੀ ਸ਼ਸ਼ੋਭਤ ਹੈ । ਇਥੇ ਛਿਆਨਵੇ ਕਰੋੜ ਖਾਲਸੇ ਲਈ ਢਾਈਦਿਨਾਂ ਦਾ ਲੰਗਰ ਖਰਚ ਦਸਿਆ ਜਾਂਦਾ ਹੈ । ਜਗਤ ਤਾਰਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ੧੫੬੦ ਈਃ ਵਿਚ ਇਥੇ ਪੁਜੇ ਅਤੇ ਇਸੇ ਮਾਲ ਦੀ ਟੇਕੜੀ ਨੂੰ ਆਪਣੇ



Digitized by Panjab Digital Library | www.panjabdigilib.org

ਪਵਿਤ੍ਰ ਚਰਨਾ ਦੀ ਛੋਹ ਦੇ ਕੇ ਸ੍ਰੀ ਸੱਚਖੰਡ ਸਾਹਿਬ ਜੀ ਤੋਂ ਨਾਨਕ ਪੁਰੀਨੂੰ ਭਾਗ ਲਾਉਂਦੇ ਹੋਏ ਨਾਨਕ ਝੇਰਾ ਬਿਦਰ ਨੂੰ ਪਧਾਰੇ ਸਨ ।

ਸੰਨ ੧੯੨੬ ਈ: ਵਿਚ ਸ਼ਹਿਰ ਵਿਚ ਪਲੇਗ ਪੈ ਜਾਨ ਤੇ ਸਾਰੇ ਲੋਕੀਂ ਇਥੇ ਲਾਗੇ ਹੀ ਬਾਹਿਰ ਝੌਂਪੜਿਆ ਵਿਚ ਆ ਵਸੇ । ਅਧ ਦਸੰਬਰ ਦੀ ਇਕ ਰਾਤ ਨੂੰ ਇਨਾਂ ਪਲੇਗ ਦੇ ਮਾਰਿਆਂ ਨੇ ਇਸ ਅਸਥਾਨ ਤੇ ਇਕ ਮੁਰਦਾ ਦਫਣ ਕਰਕੇ ਆਪਣਾ ਕਬਰਸਥਾਨ ਜਾਹਰ ਕੀਤਾ ਇਹ ਘਟਨਾ ਸਿਖ ਮੁਸਲਮ ਫਸਾਦ ਦਾ ਰੂਪ ਧਾਰਕੇ ਮੁਕਦਮਾ ਹੈਦਰਾਬਾਦ ਹਾਈ ਕੋਰਟ ਵਿਚ ਗਿਆ ਤੇ ਫੇਰ ਅੰਤ ਖਾਲਸੇ ਦੀ ਫਤੇ ਹੋਈ ਅਤੇ ਉਹ ਲਾਸ਼ ੧੯੩੦ ਇ: ਵਿਚ ਇਥੋ ਕਢਾਈ ਗਈ ਇਥੋਂਦੇ ਪੁਜਾਰੀ ਭਾਈ ਬੀਰਸਿੰਘ ਜੀ ਹਨ ।

# ਗੁਰਦੁਆਰਾ ਹੀਰਾਘਾਟ ਸਾਹਿਬ

ਬੈਂਤ :– ਬਹਾਦਰ ਸ਼ਾਹ ਪੰਜਾਬ ਤੋਂ ਚਲ ਕਰਕੇ,
ਆਇਆ ਗੁਰਾਂਦਾ ਕਰਨ ਦੀਦਾਰ ਭਾਈ ।
ਕਈਆਂ ਦਿਨਾਂ ਦੀਆਂ ਮੰਜ਼ਲਾ ਤੈ ਕਰਕੇ,
ਪਹੁੰਚਿਆ ਆਨ ਨੰਦੇੜ ਵਿਚਕਾਰ ਭਾਈ ।
ਪਤਾ ਲਿਆ ਫਿਰ ਸ਼ਾਹ ਨੇ ਗੁਰੂ ਜੀ ਦਾ ।
ਪਹੁੰਚ ਗਿਆ ਓਥੇ ਨਿਹਚਾ ਧਾਰ ਭਾਈ ।
ਸ਼ਾਨ ਵੇਖਕੇ ਸ਼ਾਹ ਹੈਰਾਨ ਹੋਇਆ ।
ਡਿੱਠਾ ਗੁਰੂ ਦਾ ਅਜਬ ਦਰਬਾਰ ਭਾਈ
ਲੈ ਕੇ ਆਗਿਆ ਸਾਹਿਬਾਂ ਤੋਂ ਦਰਸ਼ਨਾਂ ਦੀ ।
ਖੁਸ਼ੀ ਨਾਲ ਆਇਆ ਹੋ ਕੇ ਤਿਆਰ ਭਾਈ ।
ਹੋਰ ਕੀਮਤੀ ਤੋਹਫੇ ਬੇਅੰਤ ਆਂਦੇ ।
'ਹੀਰਾ' ਨਾਲ ਇਕ ਅਪਰ ਅਪਾਰ ਭਾਈ ।



Digitized by Panjab Digital Library | www.panjabdigilib.org

ਬਾਲ ਸੋਨੇ ਦੇ ਨੌਕਰਾਂ ਹੱਥ ਦੇ ਕੇ।

ਆਇਆ ਨਾਲ ਦਿਲ ਰਖ ਪਿਆਰ ਭਾਈ।

ਆਕੇ ਸ਼ਾਹ ਨੇ ਗੁਰਾਂ ਨੂੰ ਟੇਕ ਮੱਥਾ।

ਹੀਰਾ ਰਖਿਆ ਅਗੇ ਚਮਕਾਰ ਭਾਈ।

ਮੱਥਾ ਟੇਕ ਕੇ ਬੈਠਾ ਸੀ ਗੁਰਾਂ ਅਗੇ।

ਐਪਰ ਦਿਲ ਦੇ ਵਿਚ ਹੰਕਾਰ ਭਾਈ।

ਘਟਾਂ ਘਟਾਂ ਦੀ ਗੁਰੂ ਜੀ ਜਾਣ ਰਹੇ ਸਨ।

ਹੀਰਾ ਸੁਟਿਆ ਨਦੀ ਵਚਕਾਰ ਭਾਈ।

ਜਾਣੀ ਜਾਣ ਗੁਰੂ ਹਸ ਕੇ ਕਹਿਣ ਲਗੇ।

ਜਾਕੇ ਵੇਖ ਨਦੀ ਵਿਚਕਾਰ ਸ਼ਾਹਾ।

ਹੀਰਾ ਆਪਣਾ ਵੇਖ ਕੇ ਚੁਕ ਲੈਣਾ।

ਨਾਲੇ ਦਿਲ ਦਾ ਭਰਮ ਨਿਵਾਰ ਸ਼ਾਹਾ।

ਜਾਕੇ ਨਦੀ ਅੰਦਰ ਸ਼ਾਹ ਨੇ ਵੇਖਿਆ ਕੀ,

ਇਥੇ ਅੰਤ ਨ ਹੀਰਿਆਂ ਦਾ ਆਵੰਦਾਈ।

ਨਦੀ ਹੀਰਿਆਂ ਨਾਲ ਭਰਪੂਰ ਦਿਸੇ।

ਵੇਖ ਸ਼ਾਹ ਹੈਰਾਨ ਹੋ ਜਾਵੰਦਾਈ।

ਖੁਦ ਖੁਦਾ ਹੋ ਜੀ ਸ਼ਾਹ ਕਹੇ ਮੁਖ ਥੀਂ।

ਹਥ ਜੋੜ ਕੇ ਭੁਲਾਂ ਬਖਸ਼ਾਵੰਦਾਈ।

"ਹੀਰਾਘਾਟ" ਸ਼ਾਹਾ ਇਸਦਾ ਨਾਮ ਹੋਸੀ।

ਸੱਚਾ ਪਾਂਤਸ਼ਾਹ ਗੁਰੂ ਫੁਰਮਾਵੰਦਾਈ।

ਇਹ ਗੁਰਦੁਆਰਾ ਸ੍ਰੀ ਸੱਚਖੰਡ ਜੀ ਤੋਂ ਛੇ ਮੀਲ ਪੂਰਬ ਦਿਸ਼ਾ ਨੂੰ ਨਦੀ ਕੰਢੇ, ਪਿੰਡ ਬਾਹਮਣਵਾੜਾ ਤੋਂ ਇਕ ਫਰਲਾਂਗ ਦੀ ਵਿਥ ਤੇ ਸ਼ਸ਼ੋਭਤ ਹੈ। ਇਥੇ ਬਹਾਦਰਸ਼ਾਹ ਬਾਦਸ਼ਾਹ ਨੇ ਇਕ ਬਹੁਮੁਲਾ ਹੀਰਾ ਸਾਹਿਬਾਂ ਦੀ ਭੇਟਾ ਕੀਤਾ, ਸ਼ਾਹ ਦਾ ਹੰਕਾਰ ਨਵਿਰਤ ਕਰਨ ਲਈ, ਸਾਹਿਬਾਂ ਨੇ ਸ਼ਾਹ ਦੇ



Digitized by Panjab Digital Library | www.panjabdigilib.org

ਵੇਖਦੇ ਵੇਖਦੇ ਉਹ ਹੀਰਾ ਨਦੀ ਵਿਚ ਸੁਟ ਦਿਤਾ। ਜਿਸ ਨੂੰ ਵੇਖਕੇ ਬਾਦਸ਼ਾਹ ਬਹੁਤ ਹੀ ਚਿੰਤਾਂਤੁਰ ਹੋਇਆ ਫਿਰ ਸਾਹਿਬਾਂ ਨੇ ਮੁਸਕ੍ਰਾਉਂਦਿਆਂ ਫੁਰਮਾਇਆ "ਵੇਖੋ ਸ਼ਾਹ ਜੀ। ਨਦੀ ਦਾ ਨਿਰਮਲ ਜਲ ਕਿਸਤਰਾਂ ਆਪਣੇ ਅਨੰਦ ਵਿਚ ਝੁਲਮਲ ਝੁਲਮਲ ਕਰਦਾ ਵਗ ਰਿਹਾ।" ਸ਼ਾਹ ਨੇ ਜਦੋਂ ਨਦੀ ਵਿਚ ਵੇਖਿਆ ਤਾਂ ਉਥੇ ਬੇਅੰਤ ਹੀ ਬਹੁ ਮੁਲੇ ਹੀਰੇ ਪਏ ਵੇਖੇ, ਸ਼ਰਮਸਾਰ ਹੋ ਸਾਹਿਬਾਂ ਦੇ ਚਰਨ ਫੜ ਲਏ ਅਤੇ ਆਪਣੀ ਭੁਲ ਬਖਸ਼ਵਾਈ।

# ਗੁਰਦੁਆਰਾ ਮਾਤਾ ਸਾਹਿਬ ਕੌਰ ਜੀ

ਦੋਹਿਰਾ :– ਹੀਰਾਘਾਟ ਦਾ ਦਰਸ ਕਰ, ਹੋਇਆ ਚਿਤ ਪਰਸੰਨ।
ਸੁੰਦਰ ਇਹ ਸ਼ੁਭ ਥਾਨ ਹੈ, ਸ੍ਰੀ ਮਾਤਾ ਸਾਹਿਬ ਧੰਨ ਧੰਨ।

ਕੋਰੜਾ ਛੰਦ :– ਧੰਨ ਧੰਨ ਮਾਤਾ ਸਾਹਿਬ ਕੌਰ ਗਾਈਏ।
ਚਲ ਕੇ ਪੰਜਾਬ ਤੋਂ ਜੋ ਇਥੇ ਆਈਏ।
ਹਥ ਜੋੜ ਚਰਨੀ ਨਿਵਾਂਵਾ ਮਾਥ ਜੀ।
ਮਾਤਾ ਸੀਸ ਰਖੀਂ ਪੁਤਰਾਂ ਦੇ ਹਾਥ ਜੀ।
ਮਾਤਾ ਸਾਹਿਬ ਕੌਰ ਖਾਲਸੇ ਦੀ ਮਾਈ ਏ।
ਚਲ ਕੇ ਪੰਜਾਬ ਤੋਂ ਜੋ ਇਥੇ ਆਈ ਏ।
ਝੋਲੀ ਪਾਇ ਮਾਤਾ ਖਾਲਸੇ ਨੂੰ ਪਾਲਿਆ।
ਦੁਖੜੇ ਹਜ਼ਾਰ ਜ਼ਫਰਾਂ ਨੂੰ ਜਾਲਿਆ।
ਸੀਤਲ, ਸੁਸ਼ੀਲ ਉਪਮਾ ਅਲਾਈ ਏ।
ਚਲ ਕੇ ਪੰਜਾਬ ਤੋਂ ਜੋ ਇਥੇ ਆਈ ਏ।
ਸੋਹਣਾ ਅਸਥਾਨ ਰੌਣਕਾਂ ਨੇ ਭਾਰੀਆਂ।
ਆਉਣ ਚਾਰੇ ਪਾਸੋਂ ਸੰਗਤਾ ਪਿਆਰੀਆਂ।
ਜੈ ਜੈ ਕਾਰ ਗਾਵੇ ਲਖਾਂ ਹੀ ਲੁਕਾਈ ਏ।
ਚਲ ਕੇ ਪੰਜਾਬ ਤੋਂ ਜੋ ਇਥੇ ਆਈ ਏ॥



Digitized by Panjab Digital Library | www.panjabdigilib.org

ਸੂਰਮੇ ਦਲੇਰ ਨਿਹੰਗ ਸਿੰਘ ਗੱਜਦੇ ।
ਦੇਗ ਬੇਸ਼ਮਾਰ ਤੇ ਨਗਾਰੇ ਵਜਦੇ ।
ਦੇਗ ਤੇਗ ਫਤੇ ਮਾਤਾ ਦੀ ਕਮਾਈ ਏ ।
ਚਲਕੇ ਪੰਜਾਬ ਤੋਂ ਜੋ ਇਥੇ ਆਈ ਏ ॥
ਉਪਮਾ ਬੇਅੰਤ, ਨਾ ਕੋਈ ਅੰਤ ਆਵੰਦਾ ।
ਮਾਤਾ ਉਪਕਾਰ ਲਿਖਿਆ ਨਹੀਂ ਜਾਵੰਦਾ ।
ਹਰਨਾਮਸਿੰਘ ਦਾਸ ਉਪਮਾ ਕੀ ਗਾਈ ਏ ।
ਚਲ ਕੇ ਪੰਜਾਬ ਤੋਂ ਜੋ ਇਥੇ ਆਈ ਏ ॥

ਦੋਹਰਾ :– ਬੜੇ ਸਿੰਘ ਬਲਵਾਨ ਜੋ, ਉਤਮ ਜਿਨ ਕੀ ਬੁਧ ।
ਨਿਹੰਗਸਿੰਘ ਜੀ ਤਹਿ ਬਸੈ, ਕਾਰਜ ਕਰਹੈਂ ਸੁਧ ।

ਇਹ ਗੁਰਦੁਆਰਾ ਹੀਰਾਘਾਟ ਤੋਂ ਪੌਣਾ ਮੀਲ ਅਤੇ ਸ੍ਰੀ ਸੱਚਖੰਡ ਸਾਹਿਬ ਜੀ ਤੋਂ ੭ ਮੀਲ ਪੂਰਬ ਦਿਸ਼ਾ ਨੂੰ ਨਦੀ ਕੰਢੇ ਸ਼ਸ਼ੋਭਤ ਹੈ ਸਾਹਿਬਾਂ ਦੇ ਹੀਰਾਘਾਟ ਪਰਗਟ ਕਰਨ ਤੇ ਪੰਥ ਖਾਲਸੇ ਦੀ ਪੂਜਨੀਕ ਮਾਤਾ ਸਾਹਿਬ ਕੌਰ ਜੀ ਦੇ ਇਥੇ ਡੇਰੇ ਲਗਾਇ ਗਏ ਸਨ ਇਥੇ ਨੌ ਮਹੀਨੇ ਤੇ ਨੌ ਦਿਨ, ਮਾਤਾ ਜੀ ਨਾਮ ਬਾਣੀ ਦਾ ਅਨੰਦ ਮਾਣਕੇ ਸਾਹਿਬਾਂ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਹੀ ਦਰਸ਼ਨਾ ਲਈ ਗੁਰੂ ਜੀ ਦੇ ਸ਼ਸਤ੍ਰ ਨਾਲ ਲੈਕੇ, ਦਾਤਾ ਜੀ ਦੀ ਆਗਿਆ ਅਨੁਸਾਰ, ਦਿੱਲੀ ਨੂੰ ਚਲੇ ਗਏ ਸਨ ।

ਸੰਨ ੧੯੨੨ ਈ: ਵਿਚ ਸ੍ਰੀ ਮਾਨ ਬਾਬਾ ਮਿਤਸਿੰਘ ਜੀ ਅਤੇ ਬਾਬਾ ਧਰਮਸਿੰਘ ਆਪਣੇ ਜਥੇ ਸਮੇਤ ਏਥੇ ਦਰਸ਼ਨਾਂ ਨੂੰ ਪੁਜੇ ਅਤੇ ਇਕਾਂਤ ਗੁਰੂ ਅਸਥਾਨ ਵੇਖਕੇ ਇਥੇ ਹੀ ਡੇਰੇ ਲਾ ਲਏ । ਆਪ ਜੀ ਦੀ ਕਠਿਨ ਤਪੱਸਿਆ ਤੇ ਸਾਹਿਬਾਂ ਦੀ ਮਿਹਰ ਦਾ ਸਦਕਾ ਇਥੇ ਵੀ ਗੁਰੂ ਜੀ ਦੀ ਦੇਗ ਅਤੁਟ ਵਰਤ ਰਹੀ ਹੈ । ਅਤੇ ਨਿਹੰਗਸਿੰਘ ਜੀ ਸੰਗਤ ਦੀ ਬੜੇ ਪ੍ਰੇਮ ਨਾਲ ਸੇਵਾ ਕਰਦੇਹਨ ਇਥੋਂ ਦੇ ਜਥੇਦਾਰ ਭਾਈ ਕਰਤਾਰ ਸਿੰਘ ਨਿਹੰਗ ਸਿੰਘ ਜੀ ਹਨ ।



Digitized by Panjab Digital Library | www.panjabdigilib.org

# ਗੁਰਦੁਆਰਾ ਸ਼ਿਕਾਰਘਾਟ ਸਾਹਿਬ

ਬੈਤ :– ਚੋਜੀ ਪ੍ਰੀਤਮ ਜੀ ਚੋਜ ਅਪਾਰ ਕਰਦੇ ।
ਹੁਕਮ ਸ਼ਿੰਘਾ ਨੂੰ ਦਿਤਾ ਦਾਤਾਰ ਭਾਈ
ਸਾਡੇ ਘੋੜੇ ਨੂੰ ਝਟ ਪਟ ਕਰੋ ਹਾਜ਼ਰ ।
ਸਾਜ ਬਾਜ਼ ਵੀ ਦਲ ਸਿੰਗਾਰ ਭਾਈ ।
ਨਾਲੇ ਹੁਕਮ ਹੋਇਆ ਸਾਰੇ ਖਾਲਸੇ ਨੂੰ ।
ਲਾਵੇ ਦੇਰ ਨ, ਹੋਵੇ ਤਿਆਰ ਭਾਈ ।
ਕਲਗੀ ਚਮਕਦੀ ਸੂਰਜੋ ਵਧ ਸੋਹਣੀ ।
ਚੜ੍ਹੇ ਸ਼ਹਿਨਸਾਹ ਦਲ ਸ਼ਿੰਗਾਰ ਭਾਈ ।
ਪਿਛੇ ਸੂਰਮੇ ਚੜ੍ਹੇ ਗੜ ਗੱਜ ਬਾਂਕੇ ।
ਹਿਲੀ ਧਰਤ ਅਕਾਸ਼ ਗੂੰਜਾਰ ਭਾਈ ।
ਸੇਰ, ਚਿਤਰੇ ਬਾਘ ਬੇਅੰਤ ਮਾਰੇ ।
ਕੱਟੀ ਜੂਨ, ਗੁਰੂ ਕਰਨ ਉਧਾਰ ਭਾਈ ।
ਕਰਦੇ ਹੱਲੇ ਤੇ ਹੱਲਾ ਤੇ ਧਰਤ ਹੱਲੇ
ਨਿਕਲ ਦੂਰ ਗਏ ਜੰਗਲ ਵਿਚਕਾਰ ਭਾਈ ।
ਇਕ ਝਾੜੀ ਨੂੰ ਸਾਹਿਬਾਂ ਨੇ ਤਕਿਆ ਜਾ ।
ਬੈਠਾ ਸਹਿਆ ਸੀ ਲਿਆ ਨਿਹਾਰ ਭਾਈ ।
ਸੱਚੇ ਪਾਤਸ਼ਾਹ ਤੀਰ ਚੜ੍ਹਾਇ ਚਿਲੇ ।
ਹੋਇਆ ਸਹਿਜ ਸੁਭਾ ਹੀ ਵਾਰ ਭਾਈ ।
ਉਤਰ ਘੋੜਿਓਂ ਚੁਕ ਲਿਆ ਗੁਰੂ ਜੀ ਨੇ ।
ਨਾਲੇ ਕਰਦੇ ਸਨ ਦਿਲੋਂ ਪਿਆਰ ਭਾਈ ।
ਹਥ ਜੋੜ ਫਿਰ ਸਿੰਘਾਂ ਅਰਜ਼ ਕੀਤੀ ।
ਮਹਾਰਾਜ ! ਕੀ ਕੌਤਕ ਰਚਾਇਆ ਏ ।




Digitized by Panjab Digital Library | www.panjabdigilib.org

ਗੁਰਦੁਆਰਾ
ਸ੍ਰੀ ਹੀਰਾ ਘਾਟ





ਗੁਰਦੁਆਰਾ
ਸ੍ਰੀ ਮਾਤਾ ਸਾਹਿਬ



Digitized by Panjab Digital Library | www.panjabdigilib.org

ਗੁਰਦੁਆਰਾ
ਸ੍ਰੀ ਸ਼ਿਕਾਰ ਘਾਟ






Digitized by Panjab Digital Library | www.panjabdigilib.org

ਸਾਨੂੰ ਗੁਰੂ ਜੀ ਸਮਝ ਨਾ ਆਏ ਕੋਈ ।
ਸਹਿਆ ਮਾਰ ਕੇ ਆਪ ਕਿਉਂ ਚਾ ਇਆ ਏ ।
ਸਾਹਿਬ ਕਹਿਨ ਲਗੇ ਮੂਲਾ ਖਤਰੀ ਸੀ ।
ਬੇਮੁਖ ਹੋਇਕੇ ਦੁਖ ਉਠਾਇਆ ਏ ।
ਗੁਰੂ ਨਾਨਕ ਜੀ ਆਏ ਘਰ ਮਿਲਨ ਇਸਨੂੰ ।
ਅਗੋਂ ਘਰ ਦਿਆਂ ਅੰਦਰ ਛੁਪਾਇਆ ਏ ।
ਅੰਦਰੋਂ ਨਿਕਲ ਕੇ ਲੜਗਿਆ ਨਾਗ ਇਸਨੂੰ ।
ਵੇਖੋ ਮੌਤ ਕੀ ਢੰਗ ਬਨਾਇਆ ਏ ।
ਮੂਲਾ ਸਹੇ ਦੀ ਜੂਨ ਭਗਵਾਨ ਪਾਇਆ ।
ਇਥੇ ਆਏ ਇਸ ਝਟ ਲੰਘਾਇਆ ਏ ।
ਇਕੋਹ ਕੁਲਾਂ ਹੁਣ ਇਹਦੀਆਂ ਤਰ ਗਈਆਂ ਨੇ ।
ਜਨਮ ਮਰਨ ਦਾ ਫੰਧ ਕਟਾਇਆ ਏ ।
ਦਾਸ ਕਹੇ ਹਰਨਾਮ ਸਿੰਘ ਆਏ ਜੇਹੜਾ ।
ਗੇੜਾ ਗੁਰਾਂ ਚੌਰਾਸੀ ਮੁਕਾਇਆ ਏ ।

ਇਹ ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਜੀ ਤੋਂ ੧੦ ਮੀਲ ਅਤੇ ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਤੋਂ ਤਿੰਨ ਮੀਲ ਨਦੀ ਕੰਢੇ ਇਕ ਛੋਟੀ ਪਹਾੜੀ ਤੇ ਸ਼ਸ਼ੋਭਤ ਹੈ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿਤ੍ਰ ਬਚਨਾ ਅਨੁਸਾਰ ਦਸਮੇਸ਼ ਪਿਤਾ ਜੀ ਨੇ, ਸਿਆਲ ਕੋਟ ਵਾਲੇ ਬੇਮੁਖ ਹੋਏ ਮੂਲੇ ਖਤਰੀ ਦਾ, ਸਰੇ ਦੀ ਜੂਨ ਤੋਂ ਇਥੇ ਹੀ ਉਧਾਰ ਕੀਤਾ ਸੀ । ਅਤੇ ਮੌਜੂਦਾ ਪਹਾੜੀ ਤੇ ਬਿਰਾਜ ਮਾਨ ਹੋਕੇ ਸਾਹਿਬਾਂ ਨੇ ਫੁਰਮਾਇਆ । ਖਾਲਸਾ ਜੀ ! ਇਥੇ ਤਾਂ ਅਨੰਦਪੁਰ ਵਾਲੀ ਮਿਠੀ ਮਿਠੀ ਪੌਣ ਆਉਂਦੀ ਹੈ ਕੁਝ ਸਿੰਘਾਂ ਨੇ ਬੇਨਤੀ ਕੀਤੀ ਮਹਾਰਾਜ ਜੀ ਅਨੰਦਪੁਰ ਸਾਹਿਬ ਤਾਂ ਸਾਰੇ ਹੀ ਬਿਰਧ, ਬਚੇ ਬੜੀ ਦੂਰੋਂ ੨ ਪੁਜ, ਹਜ਼ੂਰ ਦੇ ਚਰਨ ਕੰਵਲ ਪ੍ਰਸਕੇ ਜਨਮ ਸੁਫਲੇ ਕਰਦੇ ਹਨ । ਪਰੰਤੂ ਐਨੀ ਦੂਰ ਇਥੇ ਕੇਹੜਾ ਸੂਰਮਾਂ ਆਵੇਗਾ ?

ਸਾਹਿਬਾਂ ਨੇ ਵਰ ਦਿਤਾ, ਖਾਲਸਾ ਜੀ ! ਇਥੇ ਸੂਰਮਿਆਂ ਦੀ ਹੀ



Digitized by Panjab Digital Library | www.panjabdigilib.org

ਨਹੀਂ ਸਗੋਂ ਅਸੀਂ ਇਥੇ ੬੦-੭੦ ਵਰੇ ਦੇ ਬਿਰਧਾਂ ਦੀ ਆਸ ਰਖਾਂਗੇ। ਇਸ ਪਹਾੜੀ ਦੇ ਥਲੇ ਹੀ ਇਕ ਪੁਰਾਣਾ ਮੰਦਰ ਹੈ ਜਿਸਨੂੰ ਹਨੂਮਾਨ ਦਾ ਜਨਮ ਅਸਥਾਨ ਦਸਦੇ ਹਨ।

## ਇਕ ਅਸਚਰਜ ਕੌਤਕ

ਹੁਣ ਇਸ ਪਾਵਨ ਅਸਥਾਨ ਦੇ ਪਰਗਟ ਹੋ ਜਾਣ ਤੇ ਇਥੇ ਭਾਰੀ ਰਮਣੀਕਤਾ ਹੋਣ ਲਗੀ। ਸਾਹਿਬ ਚੋਜ਼ ਨਵੇਂ ਤੋਂ ਨਵੇਂ ਚੋਜ ਵਰਤਾਉਣ ਲਗੇ। ਦੋਨੋ ਵੇਲੇ ਦੀਵਾਨ ਦਾ ਦਿਲ ਖਿਚਵਾਂ ਤੇ ਅਨੰਦਮਈ ਨਜ਼ਾਰਾ ਬੈਕੁੰਠ ਧਾਮ ਨੂੰ ਮਾਤ ਪਾਉਣ ਲਗਾ। ਸ਼ਾਮ ਨੂੰ ਸੂਰਮੇ ਪਟੇਬਾਜੀ ਦੇ ਜੋਹਰ ਦਿਖਾਉਣ ਲਗੇ। ਗਲ ਕੀ। ਹਰ ਪਾਸਿਓਂ ਅਨੰਦਮਈ ਰੌਣਕਾਂ ਵਧਨ ਲਗੀਆਂ। ਇਕ ਦਿਨ ਦੋ ਪਠਾਨ ਭਰਾ ਅਤਾਉਲਾ ਖਾਂਨ ਤੇ ਗੁਲ ਖਾਂਨ ਨੌਕਰੀ ਲਈ ਦੀਵਾਨ ਵਿਚ ਹਾਜਰ ਹੋਏ। ਗੁਰੂ ਜੀ ਨੇ ਇਨਾ ਨੂੰ ਫੌਜ ਵਿਚ ਨੌਕਰ ਰਖ ਲਿਆ, ਇਹ ਦੋਨੋ ਭਰਾ ਮੀਰਪੁਰ ਛੋਟਾ ਦੇ ਵਸਨੀਕ ਅਤੇ ਪੈਂਦੇ ਖਾਂ ਦੇ ਪੋਤੇ ਸਨ। ਜਦੋ ਵੀ ਇਹ ਸਾਹਿਬਾਂ ਦੇ ਦਰਸ਼ਨ ਲਈ ਆਉਂਦੇ ਗੁਰੂ ਜੀ ਇਨਾਂ ਤੇ ਬਹੁਤ ਪ੍ਰਸੰਨ ਹੁੰਦੇ ਅਤੇ ਇਹ ਦੋਂਵੇ ਨਜ਼ਦੀਕ ਬੈਠਕੇ ਬਹੁਤ ਪ੍ਰੇਮ ਪਿਆਰ ਜਿਤਾਉਂਦੇ ਸਨ। ਇਹ ਦੇਖਕੇ ਇਕ ਦਿਨ ਸਿੰਘਾਂ ਨੇ ਸ਼ੰਕਾ ਪਰਗਟ ਕੀਤੀ ਤਾਂ ਗੁਰੂ ਜੀ ਨੇ ਕੇਵਲ ਇਨਾ ਕਹਿਕੇ ਚੁਪ ਕਰਾ ਦਿਤਾ "ਜੋ ਸਾਨੂੰ ਇਨਾਂ ਨਾਲ ਇਕ ਅਤੀ ਜ਼ਰੂਰੀ ਕੰਮ ਹੈ।" ਕੁਝ ਚਿਰ ਪਿਛੋਂ ਇਕ ਗੁਰੂ ਸਿਖ ਨੇ ਸਾਹਿਬਾਂ ਅਗੇ ਇਕ ਫੌਲਾਦੀ ਕਟਾਰ ਲਿਆਕੇ ਭੇਟਾ ਧਰੀ। ਦਾਤਾ ਜੀ ਨੇ ਕਟਾਰ ਹਸਤ ਕੰਵਲਾ ਵਿਚ ਲੈਕੇ, ਫਿਰ ਲਾਂਗੇ ਬੈਠੇ ਗੁਲ ਖਾਂਨ ਨੂੰ ਕਟਾਰ ਫੜਾਂਉਦਿਆਂ ਪੁਛਿਆ "ਇਹ ਕਟਾਰ ਕੈਸੀ ਹੈ?" ਗੁਲਖਾਂਨ ਫੌਲਾਦੀ ਕਟਾਰ ਦੇਖਕੇ ਭਰਮ ਗਿਆ ਅਤੇ ਬੜੀ ਉਸਤਤੀ ਕਰਨ ਮਗਰੋਂ ਕਹਿਨ ਲਗਾ, "ਜੇ ਇਹੋ ਜਿਹੀ ਕਟਾਰ ਜੁਧ ਵਿਚ ਮੇਰੇ ਪਾਸ ਹੋਵੇ ਤਾਂ ਫਿਰ ਹਜ਼ੂਰ ਮੇਰੇ ਹਥ ਵੇਖੋ।" ਸਾਹਿਬ ਕਹਿਣ ਲਗੇ। ਗੁਲਖਾਂਨ! ਜਿਸ ਸੂਰਮੇ ਵਿਚ ਆਪਣੇ ਵਡਿਆਂ ਦਾ ਅਣੱਖੀ ਖੂਨ ਠੰਡਾ ਤੇ ਮਧਮ ਪੈ



Digitized by Panjab Digital Library | www.panjabdigilib.org

ਗਿਆ ਹੈ, ਉਹ ਤੀਖਣ ਸ਼ਸਤ੍ਰ ਹੋਇਆਂ ਭੀ ਨਹੀ ਲੜ ਸਕਦਾ। ਸਾਹਿਬਾਂ ਨੇ ਉਹ ਕਟਾਰ ਤਾਂ ਉਸੇ ਨੂੰ ਬਖਸ਼ ਦਿਤੀ ਪਰੰਤੂ ਕਈ ਤਰਾਂ ਦੇ ਤਰੱਕ ਭਰੇ ਬਚਨ ਕਹੇ। ਜਿਸਦੇ ਨਮੂਨੇ ਵਜੋਂ ਸੂਰਜ ਪਰਕਾਸ਼ ਵਿਚੋਂ ਇਹ ਇਕ ਚੌਪਈ ਦਿਤੀ ਜਾਂਦੀ ਹੈ -* ਚੌਪਈ *-

ਹਾਥ ਸ਼ਸਤ੍ਰ ਸਤਰੂ ਹੋਇ ਪ੍ਰਾਸੀ, ਹੋਇ ਕਪੂਤ ਕਰ ਸਕਹਿ ਨ ਨਾਸੀ।
ਪਿਤਾ ਪਿਤਾਮਾ ਲੇਇ ਨਾ ਬਦਲਾ, ਧ੍ਰਕ ਜਨਮ ਤਿਹ ਕਾਇਰ ਬਿਦਲਾ॥

ਇਹ ਬੋਲੀ ਗੁਲਖਾਂਨ ਨੂੰ ਤੀਰ ਵਾਂਗੂ ਵਿੰਨ ਗਈ। ਕਿਉਂਕਿ ਉਨੂੰ ਯਾਦ ਸੀ ਜੋ ਛੇਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਹਥੋਂ ਮੇਰੇ ਦਾਦਾ ਪੈਂਦੇਖਾਨ ਦਾ ਕਤਲ ਹੋਇਆ ਸੀ। ਪਰ ਕਰ ਵੀ ਕੀ ਸਕਦਾ ਸੀ, ਵੇਲਾ ਤਾੜਨ ਲਗਾ ਇਕ ਦਿਨ ਕਨਾਤਾਂ ਅੰਦਰ ਗੁਰੂ ਜੀ ਸਵਾ ਲਖ ਹੀ ਬਿਰਾਜ ਮਾਨ ਸਨ ਇਸ ਨੀਚ ਤੁਰਕ ਨੇ ਵੇਲਾ ਤਾੜ ਆਪਣੇ ਭਰਾ ਅਤਾਉਲਾ ਨੂੰ ਨਾਲ ਲੇ ਸਾਹਿਬਾਂ ਤੇ ਉਸੇ ਕਟਾਰ ਨਾਲ ਵਾਰ ਕੀਤਾ ਜੋ ਸਾਹਿਬਾਂ ਦੀ ਵਖੀ ਵਿਚ ਲਗੀ ਅਤੇ ਅੱਖ ਖੁਲ ਗਈ ਗੁਰੂ ਜੀ ਨੇ ਇਕ ਹਥ ਨਾਲ ਜਖਮ ਦਬ ਕੇ ਦੂਜੇ ਹਥ ਨਾਲ ਤੇਗਾਵਾਹ ਇਸ ਗੀਦੀ ਨੂੰ ਉਥੇ ਹੀ ਥਾਇ ਰਖਿਆ। ਦੂਜੇ ਪਠਾਨ ਨੂੰ ਜੋ ਭੈ ਭੀਤ ਹੋਕੇ ਨਠਨ ਲਗਿਆ ਕਨਾਤਾਂ ਦੇ ਕਿਲੇ ਨਾਲ ਠੋਕਰ ਖਾਕੇ ਡਿਗ ਪਿਆ ਸੀ ਭਾ: ਆਲਮ ਸਿੰਘ ਨੇ ਪਾਰ ਬੁਲਾ ਦਿਤਾ। ਇਸ ਘਟਨਾ ਨੂੰ ਕਈਆਂ ਲਿਖਾਰੀਆਂ ਨੇ ਹੋਰ ਰੰਗਨ ਵਿਚ ਰੰਗਿਆ ਹੈ ਜੋ ਠੀਕ ਨਹੀ। ਜਦੋਂ ਸਰਹਦੀ ਸੂਬੇ ਵਜੀਦਖਾਂ ਨੇ ਗੁਰੂ ਜੀ ਦੇ ਛੋਟੇ ਸਾਹਿਬਜਾਦਿਆਂ ਨੂੰ ਨੀਂਹਾਂ ਚਿਣਵਾਕੇ ਕਤਲ ਕਰਵਾਇਆ ਸੀ ਓਸ ਦਿਨੋਂ ਸੂਬੇ ਦੇ ਦਿਲ ਵਿਚ ਆਪਣੇ ਕੀਤੇ ਹੋਏ ਗੁਨਾਂਹਾ ਦਾ ਭੈ ਸੀ ਕਿ ਜਦੋਂ ਗੁਰੂ ਜੀ ਨੂੰ ਪਤਾ ਲਗਾ ਤਾਂ ਮੈਨੂੰ ਖਤਮ ਕਰਨਗੇ। ਇਸ ਨੇ ਦੋ ਪਠਾਨ ਬਚਿਆਂ ਨੂੰ ਬਹੁਤ ਸਾਰਾ ਲਾਲਚ ਦੇਕੇ ਗੁਰੂ ਜੀ ਨੂੰ ਮਾਰਨ ਵਾਸਤੇ ਭੇਜਿਆ। ਇਹ ਪਹਿਲੇ ਦਿੱਲੀ ਗਏ, ਉਥੋਂ ਇਨਾਂ ਨੂੰ ਪਤਾ ਲਗਾ ਕਿ ਗੁਰੂ ਜੀ ਨੰਦੇੜ ਗਏ ਹਨ। ਇਹ ਉਥੋਂ ਦਲ ਨੰਦੇੜ ਆਏ ਤੇ ਗੁਰੂ ਜੀ ਨੇ ਇਨਾਂ ਨੂੰ ਨੌਕਰ ਰਖਿਆ। ਇਨਾਂ ਨੇ ਮੌਕਾ



Digitized by Panjab Digital Library | www.panjabdigilib.org

ਤਾੜ ਕੇ ਗੁਰੂ ਜੀ ਦੇ ਕਟਾਰ ਮਾਰੀ। ਬਹਾਦਰ ਸ਼ਾਹ ਨੂੰ ਪਤਾ ਲਗਣ ਤੋਂ ਉਸਨੇ ਪਠਾਣ ਬਚਿਆਂ ਦੇ ਵਾਰਸਾਂ ਨੂੰ ਖਿਲਅਤ ਭੇਜੀ। ਇਨਾਂ ਗਲਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਬਹਾਦਰਸ਼ਾਹ ਦਿਖਾਵੇ ਦਾ ਸਿਖ ਸੀ। ਝਟ ਹੀ ਜਰਾਹ ਬੁਲਾਕੇ ਸਾਹਿਬਾਂ ਦੀ ਮਰਮ ਪੱਟੀ ਕੀਤੀ ਗਈ ਅਤੇ ਸਤਾਰਾਂ ਅਠਾਰਾਂ ਦਿਨਾਂ ਵਿਚ ਜਖਮ ਭਰ ਆਇਆ। ਇਸ ਘਟਨਾ ਨੂੰ ਸੁਣਕੇ ਬਾਦਸ਼ਾਹ ਬਹਾਦਰ ਸ਼ਾਹ ਨੇਵੀ ਸ਼ਾਹ ਜਰਾਹ ਤੇ ਉਮਰਾਵ ਨਾਲ ਭੇਜੇ। ਇਕ ਦਿਨ ਜਦ ਇਹ ਉਮਰਾਵ ਦਰਸ਼ਨਾ ਲਈ ਦੀਵਾਨ ਵਿਚ ਆਇ ਤਾਂ ਗੁਰੂ ਜੀ ਨੂੰ ਨਮਸ਼ਕਾਰ ਕਰਨ ਲਗਿਆਂ ਹਜ਼ੂਰੀ ਵਿਚ ਇਕ ਭਾਰੀ ਧਨਸ਼ ਪਿਆ ਦੇਖ ਬਹੁਤ ਅਸਚਰਜ ਤੇ ਹੈਰਾਨ ਹੋ ਗਏ। ਅਤੇ ਕਈ ਤਰਾਂ ਦੀਆ ਮਨ ਵਿਚ ਗਿਣਤੀਆਂ ਕਰਨਲਗੇ। ਘਟਾਂ ਘਟਾਂ ਦੀਆ ਜਾਨਣ ਵਾਲੇ ਅੰਤਰ ਜਾਮੀ ਦਾਤਾਜੀ ਨੇ ਇਨਾਂ ਦਾ ਸੰਸਾ ਦੂਰ ਕਰਨ ਲਈ ਸਹਿਜ ਸੁਭਾ ਹੀ ਧਨਸ਼ ਫੜ ਕੇ ਚਿਲਾ ਚੜ੍ਹਾਇਆ ਪਰੰਤੂ ਜ਼ਖਮ ਅੱਲੇ ਹੋਣ ਦੇ ਕਾਰਨ ਤੋਪੇ ਖੁਲ ਗਏ ਅਤੇ ਖੂਨ ਵਹਿ ਤੁਰਿਆ ਝਟ ਹੀ ਸ਼ਾਹੀ ਜਰਾਹ ਮਰਮ ਪੱਟੀ ਲਈ ਹਾਜ਼ਰ ਹੋਏ ਪਰ ਸਾਹਿਬਾਂ ਨੇ ਇਨਕਾਰ ਕਰ ਦਿਤਾ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਗਦੀ

ਪ੍ਰਾਤ ਪੰਚਮੀ ਸੁਰਗੁਰਵਾਰ, ਦਿਵਸ ਭਲੋ ਉਹ ਲੀਨ ਬਿਚਾਰ।
ਹੁਇ ਤਯਾਰੀ ਹਮਰੀ ਪਰਲੋਕ, ਧਰਹੁ ਅਨੰਦ ਨ ਕੀਜਹਿ ਸੋਕ॥
(ਸੂਃ ਪ੍ਰਃ ਭਾਈ ਸੰਤੋਖਸਿੰਘ ਜੀ)

ਇਸ ਕੌਤਕ ਤੋਂ ਤੀਜੇ ਦਿਨ ਗੁਰੂ ਜੀ ਨੇ ਉਕਤ ਹੁਕਮਨਾਮਾ ਖਾਲਸੇ ਜੀ ਨੂੰ ਸੁਣਾਉਂਦਿਆਂ ਫੁਰਮਾਇਆਂ ਜੋ ਸਾਨੂੰ ਸ੍ਰੀ ਅਕਾਲ ਪੁਰਖ ਪਿਤਾ ਜੀ ਵਲੋਂ ਧੁਰਦਾ ਸੱਦਾ ਆਇਆ ਹੈ, ਸੋ ਦੂਜੇ ਦਿਨ ਕੱਤਕ ਸੁਦੀ ਦੂਜ ਨੂੰ ਅੰਮ੍ਰਤ ਵੇਲੇ ਤਖਤ ਸਾਹਿਬ ਤੇ ਬੜੇ ਆਦਰ ਸਤਿਕਾਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਰਕਾਸ਼ ਕੀਤਾ ਦਾਤਾਂ ਜੀ ਨੇ ਇਹ ਉਪਦੇਸ਼ ਦੇ ਕੇ।



Digitized by Panjab Digital Library | www.panjabdigilib.org

ਆਗਿਆ ਭਈ ਅਕਾਲ ਕੀ । ਤਬੀ ਚਲਾਯੋ ਪੰਥ ।।
ਸਭ ਸਿੱਖਨ ਕੋ ਹੁਕਮ ਹੈ । ਗੁਰੂ ਮਾਨਯੋ ਗ੍ਰੰਥ ।।
ਅਤੇ :– ਬਾਣੀ ਗੁਰੂ ਗੁਰੂ ਹੈ ਬਾਣੀ । ਵਿਚ ਬਾਣੀ ਅੰਮ੍ਰਿਤ ਸਾਰੇ ।।

ਸਾਹਿਬਾਂ ਨੇ ਪੰਜ ਪੈਸੇ ਨਰੇਲ ਮਥਾ ਟੇਕ ਗੁਰਿਆਈ ਤਿਲਕ ਗਿਆਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਖਸ਼ਕੇ ਸੂਬਤ ਪੰਥ ਖਾਲਸੇ ਨੂੰ ਜੁਗੋ ਜੁਗ ਅਟੱਲ ਗੁਰੂ ਜੀ ਦੀ ਚਰਨੀ ਪਾ ਦਿਤਾ ।

ਕਤਕ ਸੁਦੀ ਪੰਚਮੀ ਦਿਨ ਵੀਰਵਾਰ ਨੂੰ ਸੌ ਮਨ ਚੰਦਨ ਦੀ ਲਕੜੀ ਮੰਗਵਾਕੇ ਕਨਾਤਾਂ ਅੰਦਰ ਚਿਖਾ ਤਿਆਰ ਕੀਤੀ ਗਈ । ਅਤੇ ਇਸੇ ਦਿਨ ਇਕ ਬਹੁਤ ਭਾਰੀ ਯਗ ਸੰਪੂਰਨ ਹੋਇਆ । ਗੁਰੂ ਜੀ ਨੇ ਕੇਸ਼ੀ ਇਸ਼ਨਾਨ ਸੋਧ ਸੁੰਦਰ ਕੇਸ਼ਰੀ ਪੁਸ਼ਾਕਾ ਪਹਿਨ ਬਹੁਮੁਲੀ ਜਿਗਾ ਤੇ ਪੂਰੇ ਸਸਤਰ ਬਸਤਰ ਸਜਾਏ । ਇਸ ਵੇਲੇ ਸਾਹਿਬਾਂ ਦੇ ਸੱਚਖੰਡ ਪਿਆਨੇ ਦੀ ਖਬਰ ਸੁਣਕੇ ਬੜੇ ਦੂਰੋਂ ਦੂਰੋਂ ਸੰਤ ਮਹਾਂਤਮਾ ਤੇ ਦਰਸ਼ਨ ਅਭਿਲਾਸ਼ੀ ਸੰਗਤਾਂ ਪੁਜੀਆਂ ਹੋਇਆਂ ਸਨ ਸਾਹਿਬਾਂ ਨੇ ਅੰਤਮ ਉਪਦੇਸ਼ ਦੇਂਦਿਆਂ ਫੁਰਮਾਇਆ "ਖਾਲਸਾ ਜੀਓ ਸਡੇ ਪਿਛੋਂ ਕਿਸੇ ਨੇ ਰੁਦਨ ਨਹੀਂ ਕਰਨਾਂ ਅਤੇ ਨਾਹੀ ਸਾਡਾ ਅੰਗੀਠਾ ਫੋਲਨਾ ਹੈ । ਅਤੇ ਸਾਡੇ ਦਰਸ਼ਨਾ ਲਈ ਪੰਜਾ ਸਿੰਘਾ ਵਿਚ ਸਾਡਾ ਸਰੂਪ ਸਮਝਣਾ। ਫਿਰ ਭਾ: ਸਾ: ਭਾਂਈ ਸੰਤੋਖਸਿੰਘ ਜੀ ਜੋ ਹਜ਼ੂਰ ਦੇ ਲੰਗਰ ਪ੍ਰਸਾਦਿ ਦੀ ਸੇਵਾਂ ਕਰਦੇ ਸਨ ਇਸ ਤਖਤ ਸਾਹਿਬ ਜੀ ਦੀ ਜੱਥੇਦਾਰੀ ਦੀ ਸੇਵਾ ਸੌਂਪ ਕੇ ਹੁਕਮ ਕੀਤਾ ਇਸ ਥਲੁ ਰਹੁ ਦੇਗ ਬਰਤਾਵਹੁ, ਸਰਧਾ ਯੁਤਿ ਜੁ ਸਿੰਘ ਟਿਕਾਵਹੁ । ਦਰਬ ਅਸੰਖ ਇਹਾ ਜੋ ਆਏ, ਤਿਸਤੇ ਨਹਿ ਮੰਦਰ ਚਿਨਵਾਇ । ਉਕਤਿ ਹੁਕਮ ਨਾਮਾ ਸੁਣਕੇ ਭਾਈ ਸੰਤੋਖਸਿੰਘ ਜੀ ਨੇ ਬੇਨਤੀ ਕੀਤੀ । ਮਹਾਰਾਜ ਜੀਉ । ਇਧਰ ਤਾਂ ਸਿੰਘਾਂ ਦੀ ਵਸੋਂ ਹੀ ਨਹੀ ਹੈ, ਤੇ ਮਾਇਆ ਲੰਗਰ ਲਈ ਕਿਧਰੋਂ ਆਵੇਗੀ ਫਿਰ ਹੁਕਮ ਹੋਇਆ । ਕਰਹੁ ਪਕਾਵਨ ਦੇਹੁ ਵਰਤਾਇ । ਧੰਨ ਕੀ ਚਿੰਤਾ ਨਾ ਕਰਿਯਹਿਕਾਇ ਇਕ ਦੋ ਬ੍ਰਿੰਦਕ ਇਹਾਂ ਬਨੇ ਹੈ । ਜੋ ਸੰਪੂਰਨ ਦੇਗ ਚਲੇ ਹੈ ।–(ਸੂ: ਪ੍ਰ:)

ਭਾਈ ਸਾਹਿਬ ਜੀ । ਇਹ ਦੇਸ਼ ਮੇਰੇ ਖਾਲਸੇ ਤੋਂ ਵਾਂਝਾ ਨਹੀ



Digitized by Panjab Digital Library | www.panjabdigilib.org

ਰਹੇਗਾ। ਅਸੀਂ ਵੀ ਇਕ ਦੋ ਸੰਤ ਮਹਾਤਮਾਂ ਐਸੇ ਭੇਜਾਂਗੇ ਜੋ ਇਥੇ ਸੰਪੂਰਨ ਦੇਗ ਚਲਾਉਣਗੇ *

ਇਸ ਵੇਲੇ ਰਾਤ ਪੈ ਚੁਕੀ ਸੀ। ਗੁਰੂ ਜੀ ਨੇ ਇਹ ਅੰਤਮ ਉਪਦੇਸ ਦੇਕੇ ਸਾਰੀ ਸੰਗਤਾ ਨੂੰ ਧੀਰਜ ਬੰਧਵਾਈ ਅਤੇ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ" ਗਜਾ ਸਵਾ ਲਖ ਹੀ ਕਨਾਤ ਅੰਦਰ ਚਲੇ ਗਏ। ਇਸ ਵੇਲੇ ਕਨਾਤ ਅੰਦਰ ਅਗਨੀ ਦੇ ਤੇਜ ਮਈ ਸੋਹਲੇ ਬੜੀ ਉਚੀ ੨ ਪਰਕਾਸ਼ ਮਈ ਹਾਲਤ ਵਿਚ ਦਿਸਨ ਲਗੇ। ਅਕਾਸ਼ ਵਿਚ ਬਹੁਤ ਭਾਰੀ ਪਰਕਾਸ਼ ਹੋਇਆ ਅਤੇ ਸੁਰਗਣ ਜੈਕਾਰਨ ਤੇ ਫੁਲ ਵਰਸਾਉਂਦੇ ਨਜ਼ਰੀ ਪਏ। ਬੈਰਾਗ ਵਿਚ ਕਈ ਸਿੰਘ ਰੁਦਨ ਕਰਨ ਲਗੇ। ਸਾਰੀ ਰਾਤ ਜਾਗਨਾ ਜਾਗਨ ਨੀਕਾ ਹਰਿ ਕੀਰਤਨ ਮਹਿ ਜਾਗਨਾ' ਵੈਰਾਗਮਈ ਸ਼ਬਦ ਪੜ੍ਹਦਿਆਂ ਲੰਘੀ। ਸਵੇਰੇ ਥੋੜੇ ਦਿਨ ਚੜੇ ਇਕ ਸੰਤ ਜੀਨੇ ਗੁਰੂ ਜੀ ਦਾ ਹੁਕਮਨਾਮਾ ਸਿੰਘਾ ਪ੍ਰਤੀ ਆਕੇ ਸੁਣਾਇਆ ਅਤੇ ਰੁਦਨ ਕਰਨੋ ਹਟਾਕੇ ਧੀਰਜ ਬੰਧਵਾਈ। ਕਈ ਬਿਹਬਲ ਸਿੰਘਾਂ ਨੇ ਅੰਗੀਠਾ ਸਾਹਿਬ ਫੋਲਿਆ, ਕੇਵਲ ਇਕ ਛੋਟੀ ਜਿਹੀ ਕ੍ਰਿਪਾਨ ਮਿਲੀ ਜੋ ਅਸ਼ਥਾਨ ਥਾਪਨਾ ਕੀਤੀ ਗਈ। ਫਿਰ ਅਸਤਬਲ ਵਿਚੋਂ ਸਾਹਿਬਾਂ ਦਾ ਬਾਜ਼ ਘੋੜਾ ਗਾਇਬ ਹੋਇਆ ਵੇਖਕੇ ਸੰਗਤਾਂ ਨੂੰ ਪੂਰਾ ਯਕੀਨ ਆਗਿਆ, ਜੋ ਚੋਜੀ ਪ੍ਰੀਤਮ ੧੪ ਮਹੀਨੇ ਦਸ ਦਿਨ ਇਸ ਪਵਿਤ੍ਰ ਭੂਮੀ ਵਿਚ ਚੋਜ ਵਰਤਾ ਕੇ ਸੰਮਤ ੧੭੬੫ ਕੱਤਕ ਸੁਦੀ ਪੰਚਮੀ ਨੂੰ ਵਡੇ ਗੁਰੂਆਂ ਵਾਂਗੂ ਸਨੇ ਦੇਹ ਹੀ ਸੱਚਖੰਡ ਪਯਾਨਾ ਕਰ ਗਏ ਹਨ।

**ਇਮਾਰਤੀ ਸੇਵਾ :–** ਤਖਤ ਸ਼ਾਹਿਬ ਜੀ ਦੀ ਇਮਾਰਤੀ ਸੇਵਾ ਸ਼ੇਰੇ ਪੰਜਾਬ ਮਹਾਰਾਜਾ ਰਣਜੀਤਸਿੰਘ ਨੇ ੧੮੩੨ ਈਃ ਵਿਚ ਸ੍ਰ: ਚੰਦਾਸਿੰਘ ਦੀ ਜਥੇਦਾਰੀ ਵਿਚ ਕਾਫੀ ਰਾਜ ਮਜਦੂਰ ਭੇਜਕੇ ਅਰੰਭੀ ਸੀ ਪ੍ਰੰਤੂ ਹਾਲਾ ਬਾਰਾਂਦਰੀ ਤੇ ਕੇਵਲ ਤਖਤ ਸਾਹਿਬ ਦੀਆਂ ਦੋ ਮੰਜਲਾਂ ਹੀ ਬਨੀਆਂ ਸਨ ਜੋ ਸ਼ੇਰੇ ਪੰਜਾਬ ਦੇ ਅਕਾਲ ਚਲਾਣੇ ਕਰਕੇ ਇਨਾ ਨੂੰ ੧੮੩੯ ਵਿਚ ਕੰਮ ਬੰਦ ਕਰਕੇ ਵਾਪਸ ਜਾਨਾ ਪਿਆ ਤੇ ਇਹ ਸੇਵਾ ਉਨਾ ਦੀ ਇਛਾ ਅਨੁਸਾਰ ਸੰਪੂਰਨ

* ਪੜੋ ਪੁਸਤਕ ਰਬੀ ਜੋਤ



Digitized by Panjab Digital Library | www.panjabdigilib.org

ਨਹੀ ਹੋ ਸਕੀ ਹੁਣ ਗੁਃ ਸ਼ਿਕਾਰਘਾਟ ਅਤੇ ਗੁਃ ਮਾਤਾ ਸਾਹਿਬ ਆਦਿ ਗੁਰਦੁਆਰਿਆਂ ਦੀ ਯਾਤਰਾ ਲਈ ਗੁਃ ਸੱਚਖੰਡ ਸਾਹਿਬ ਜੀ ਤੋ ਪਕੀ ਸੜਕ ਬਨਾਉਣ ਦੀ ਮਹਾਨ ਸੇਵਾ ਸ੍ਰੀਮਾਨ ਸੰਤ ਬਾਬਾ ਖੜਕਸ਼ਿੰਘ ਜੀ ਅਤੇ ਬਾਬਾ ਜੀਵਨਸਿੰਘ ਜੀ ਅਤੇ ਸੰਤ ਬਾਬਾ ਦਲੀਪਸਿੰਘ ਜੀ ਵਲੋਂ ਸ਼ੁਰੂ ਹੋ ਗਈ ਹੈ ਅਤੇ ਗੁਃ ਮਾਲਟੇਕੜੀ ਤਕ ਪਕੀਸੜਕ ਬਣ ਗਈ ਹੈ, ਇਨਾਦੇ ਗੁਰਭਾਈ ਬਾਬਾ ਬਿਸ਼ਨਸਿੰਘ ਜੀ ਜਿਨਾ ਨੇ ਪਹਿਲਾਂ ਸਵਰਨ ਪਾਲਕੀ ਦੀ ਸੇਵਾ ਕਰਵਾਂਈ ਹੈ ਹੁਣ ਤਖਤ ਸਾਹਿਬ ਦੇ ਅੰਦਰ ਲਈ ਸੋਨੇ ਦੇ ਪਤਰਿਆਂ ਦੀ ਸੇਵਾ ਸੰਗਤਾ ਪਾਸੋ ਕਰਵਾ ਰਹੇ ਹਨ ਇਹ ਸਾਰੇ ਮਹਾਪੁਰਸ਼ ਮਹਾਨ ਪ੍ਰਉਪਕਾਰੀ ਸੰਤ ਬਾਬਾ ਗੁਰਮੁਖਸਿੰਘ ਪਟਿਆਲੇਵਾਲੇ ਤੇ ਉਨਾਦੇ ਸੇਵਕ ਬ੍ਰਹਮ ਗਿਆਨੀ ਬਾਬਾ ਝੰਡਾਸਿੰਘ ਜੀ ਦੇ ਸੇਵਕ ਹਨ ਸੰਗਤਾ ਇਸ ਮਹਾਨ ਸੇਵਾ ਬਿਚ ਅਪਨੀ ਪਵਿਤ੍ਰ ਕਮਾਈ ਸੁਫਲੀ ਕਰਨ ਜੀ ।

## ਸ੍ਰੀ ਤਖਤ ਸਾਹਿਬ ਦੀ ਨਿਤ ਮਰਯਾਦਾ

ਸਵੇਰੇ ਅੰਮ੍ਰਿਤ ਵੇਲੇ ਤਿਨ ਵਜੇ ਹੀ ਸ੍ਰੀ ਤਖਤ ਸਾਹਿਬ ਜੀ ਦਾ ਸਾਹਮਣਾ ਦਰਵਾਜਾ ਖੁਲਦਾ ਹੈ । ਅਤੇ ਗੁਰੂ ਜੀ ਦੇ ਦੋ ਅਸਵਾਰੇ, ਦਸਮ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਪਰਕਾਸ਼ ਹੁੰਦੇ ਹਨ । ਗੁਰੂ ਮਹਾਰਾਜ ਦਾ ਹੁਕਮਨਾਮਾ ਸਰਵਣ ਕਰਦਿਆਂ ਹੀ ਅੰਦਰਲੇ ਪੁਜਾਰੀ ਸਾਹਿਬ ਜੀ ਚਾਂਦੀ ਦੀ ਗੰਗਾਜਲ ਨਾਲ ਭਰੀ ਗਾਗਰ ਫੜ, ਅੰਦਰੋ ਦਰਵਾਜਾ ਲਾਕੇ ਤਖਤ ਇਸ਼ਨਾਨ ਅਤੇ ਬਸਤਰ ਬਸਤਰਾ ਦੀ ਸੇਵਾ ਵਿਚ ਡਟ ਜਾਂਦੇ ਹਨ । ਬਾਹਰਲੇ ਪੁਜਾਰੀ ਸਾਹਿਬ ਚੰਦਨ ਰਗੜ ਦੇ ਹਨ ਤੇ ਨਾਮ ਬਾਣੀ ਜਪਦੇ ਹਨ । ਰਾਗੀ ਸਿੰਘ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਦੇ ਹਨ । ਜਿਸਦੇ ਭੋਗ ਪੈਣ ਤੇ ਛੇ ਵਜੇ ਬਾਹਰਲੇ ਪੁਜਾਰੀ ਸਾਹਿਬ ਦੇ ਅਰਦਾਸਾ ਸੋਧਨ ਤੇ, ਸ੍ਰੀ ਤਖਤ ਸਾਹਿਬ ਜੀ ਦਾਂ ਸਾਹਮਣਾ ਦਰਵਾਜਾ ਖੁਲਦਾ ਹੈ ਅੰਦਰਲੇ ਪੁਜਾਂਰੀ ਸਾਹਿਬ ਗੁਰੂ ਮਹਾਂਰਾਜ ਜੀ ਨੂੰ ਕੜਾਹ ਪਰਸ਼ਾਦਿ ਦਾ ਭੋਗ ਲੁਆਕੇ ਸਾਰੇ ਦਰਵਾਜੇ ਖੋਹਲ ਦੇਂਦੇ ਹਨ ਸੰਗਤਾ



Digitized by Panjab Digital Library | www.panjabdigilib.org

ਦਰਸ਼ਨ ਪਰਸਕੇ ਨਿਹਾਲ ਹੋਦੀਆ ਹਨ। ਫਿਰ ਪਿਛਲੇ ਦਰਵਾਜੇ ਤੋਂ ਗੁਰੂ ਮਹਾਰਾਜ ਜੀ ਦੇ ਤਿਨ ਅਸਵਾਰੇ ਜਿਨਾ ਵਿਚ ਇਕ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਜੀ ਹੁੰਦੇ ਹਨ। ਬੜੇ ਪ੍ਰੇਮ ਉਤਸ਼ਾਹ ਨਾਲ "ਅਬਚਲ ਨਗਰ ਗੋਬਿੰਦ ਗੁਰੂ ਕਾ" ਦੀ ਮਨ ਮੋਹਨੀ ਧੁਨੀ ਵਿਚ ਪਰਕਾਸ਼ ਅਸਥਾਨ ਤੇ ਲਿਆਕੇ ਪਰਕਾਸ਼ ਹੁੰਦੇ ਹਨ। ਫਿਰ ਗ੍ਰੰਥੀਸਿੰਘ ਜੀ ਹੁਕਮਨਾਮਾ ਸੁਣਾਕੇ ਨਿਹਾਲ ਕਰਦੇ ਹਨ। ਇਨੇ ਨੂੰ ਅਠ ਵਜ ਜਾਂਦੇ ਹਨ। ਅੰਦਰਲੇ ਪੁਜਾਰੀ ਸਾਹਿਬ ਦਰਵਾਜੇ ਲਾਕੇ ਚਲੇ ਜਾਦੇ ਹਨ ਅਤੇ ਅਨੰਦ ਦੀ ਚੌਕੀ ਸਮਾਪਤ ਹੋਂਦੀ ਹੈ। ੯ ਵਜੇ ਤਕ ਗਿਆਨੀਸਿੰਘ ਜੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਰੰਭ ਕਥਾ ਬੜੇ ਪ੍ਰੇਮ ਉਤਸ਼ਾਹ ਨਾਲ ਸ੍ਰਵਨ ਕਰਾਉਂਦੇ ਹਨ।

ਦਸ ਵਜਦੇ ਹੀ ਚਰਨ ਕੌਲ ਦੀ ਚੌਕੀ ਸ਼ੁਰੂ ਹੁੰਦੀ ਹੈ ਅਤੇ ਗੁਰੂ ਜੀ ਨੂੰ ਕੜਾਹ ਪਰਸ਼ਾਦਿ ਭੇਟ ਹੋ ਕੇ ਸੰਗਤਾਂ ਵਿਚ ਵਰਤਦਾ ਹੈ। ਇਨੇ ਨੂੰ ਗੁਰੂ ਕਾ ਲੰਗਰ ਖੁਲ ਜਾਂਦਾ ਹੈ ਜਿਸ ਤੋਂ ਪਿਛੋਂ ਗਿਆਨੀ ਸਿੰਘ ਜੀ ਇਕ ਘੰਟੇ ਲਈ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਕਥਾ ਕਰਦੇ ਹਨ।

ਚਾਰ ਵਜੇ ਸ੍ਰੀ ਗੁਰੂ [illegible] ਦੀ ਕਥਾ ਹੁੰਦੀ ਹੈ। ਸ਼ਾਮ ਨੂੰ ਪਾਂ ਵਜੇ ਸੋਦਰ ਦੀ ਚੌਕੀ ਵਾਲੇ ਰਾਗੀਸਿੰਘ ਜੀ ਕੀਰਤਨ ਅਰੰਭਦੇ ਹਨ। ਇਸ ਵੇਲੇ ਦਰਵਾਜੇ ਖੁਲਣ ਤੇ ਕੜਾਹ ਪਰਸ਼ਾਦਿ ਦੇਗ ਭੇਟ ਹੋਂਦੀ ਹੈ। ਕੀਰਤਨ ਦੇ ਭੋਗ ਪੈਣ ਤੇ ਰਹਿਰਾਸੀਏ ਸਿੰਘ ਜੀ ਬੜੀ ਉਚੀ ਸੁਰ ਤੇ ਪ੍ਰੇਮ ਨਾਲ ਸ੍ਰੀ ਰਹਿਰਾਸ ਜੀਦਾ ਪਾਠ ਕਰਦੇ ਹਨ ਅਰਦਾਸ ਬੇਨਤੀ ਪਿਛੋਂ ਗੁਰੂ ਮਹਾਰਾਜ ਜੀ ਦੇ ਚਾਰ ਅਸਵਾਰੇ ਪਿਛਲੇ ਦਰਵਾਜ਼ੇ ਤੋਂ ਬੜੇ ਪ੍ਰੇਮ ਸਤਿਕਾਰ ਨਾਲ ਸ੍ਰੀ ਤਖਤ ਸਾਹਿਬ ਜੀ ਅੰਦਰ ਬਿਰਾਜਮਾਨ ਕੀਤੇ ਜਾਂਦੇ ਹਨ। ਅਤੇ ਫਿਰ ਬਾਲ ਸਜਾ ਜਗਾ ਕੇ ਆਰਤੀ ਹੋਂਦੀ ਹੈ ਜਿਸਦੇ ਅੰਤ ਤੇ ਚੌਕੀ ਸ਼ੁਰੂ ਹੋਂਦੀ ਹੈ ਜੋ ਉਚੀ ਸੁਰ ਨਾਲ ਸ਼ਬਦ ਕੀਰਤਨ ਕਰਦੀ ਤਖਤ ਸਾਹਿਬ ਤੇ ਨਿਸ਼ਾਨ ਸਾਹਿਬਾਂ ਦੀ ਪ੍ਰੇਮ ਉਤਸ਼ਾਹ ਪ੍ਰਕਰਮਾ ਲੈਂਦੀ ਹੈ।



Digitized by Panjab Digital Library | www.panjabdigilib.org

## ਸ੍ਰੀ ਅਖੰਡ ਪਾਠ ਅਨੰਦ ਦੀ ਚੌਕੀ ਵਿਚਹੀ ਸ਼ਰਧਾਲੂਆਂ ਵਲੋ ਪਾਠ ਰਖੇ ਜਾਂਦੇ ਹਨ ਜਿਨਾ ਦੀ ਇਹ ਭੇਟਾ ਹੈ ।

ਸ੍ਰੀ ਅਖੰਡ ਪਾਠ ਸਾਹਿਬ ਜੀ ਭੇਟਾ ੧੫੦ ਰੁਪੈ

ਸ੍ਰੀ ਸਾਧਾਰਨਪਾਠ ਸਾਹਿਬਜੀ ੩੧ ਰੁਪੈ, ਸ੍ਰੀ ਸਪਤਾਹਪਾਠ ਸਾਹਿਬਜੀ੫੧ਰੁਪੈ

## ਅੰਮ੍ਰਿਤ ਪ੍ਰਚਾਰ ਅੰਮ੍ਰਿਤ ਅਭਲਾਸ਼ੀਆਂ ਨੂੰ ਸਵੇਰੇ ਦਸ ਵਜੇ ਤੋਂ ਪਿਛੋਂ ਖੰਡੇ ਦਾ ਅੰਮ੍ਰਿਤ ਪਾਨ ਕਰਾਇਆ ਜਾਂਦਾ ਹੈ। ਪ੍ਰੰਤੂ ਇਸ ਤਖਤ ਸਾਹਿਬ ਜੀ ਤੇ ਮਾਈਆਂ ਬੀਬੀਆਂ ਨੂੰ ਕ੍ਰਿਪਾਨ ਦਾ ਅੰਮ੍ਰਤ ਪਾਨ ਕਰਾਇਆਂ ਜਾਂਦਾ ਹੈ ਜੋ ਗੁਰਮਤਿ ਦੇ ਅਨਕੂਲ ਨਹੀ ਅਤੇ ਇਹ ਸੇਵਾ ਪੰਜ ਪਿਆਰਿਆ ਦੀ ਥਾਂ ਕੇਵਲ ਛੋਟੇ ਪੁਜਾਰੀ ਸਵਾਲਖ ਹੀ ਨਿਭਾਉਂਦੇ ਹਨ ਆਸ ਹੈ ਪ੍ਰਬੰਧਕ ਇਧਰ ਧਿਯਾਨ ਦੇਕੇ ਸ਼ਭ ਮਾਈ ਭਾਈ ਨੂੰ ਖੰਡੇ ਦਾ ਅੰਮ੍ਰਤ ਛਕਾਕੇ ਗੁਰੂ ਪੰਥ ਦੀਆਂ ਪ੍ਰਸ਼ੰਤਾ ਪ੍ਰਾਪਤ ਕਰਨਗੇ ਮੁਖੀ ਪੰਜ ਪਿਆਰੇ ਇਹ ਹਨ ।

## ਸ੍ਰੀਮਾਨ ੧੧੧ ਸੰਤ ਜੁਗਿੰਦਰਸਿੰਘ ਜੀ ਹੈਡ ਪੁਜਾਰੀ

ਆਪ ਜੀ ਬੜੇ ਗੁਰਮੁਖ ਪਿਆਰੇ ਮਾਇਆ ਤੋਂ ਨਿਰਲੇਪ ਗੰਭੀਰ ਅਤੇ ਅਠੋ ਪਹਿਰ ਨਾਮ ਬਾਣੀ ਦੇ ਰਸੀਏ ਹਨ । ਆਪ ਜੀ ਨੇ ਬਚਪਨ ਤੋਂ ਹੀ ਮੋਨ ਬਰਤ ਧਾਰਿਆ ਹੈ ਅਤੇ ਦਰਸ਼ਨ ਕਰਨ ਯੋਗ ਉਚ ਹਸਤੀ ਹਨ ।

## ਭਾ: ਸ: ਦੀਵਾਨਸਿੰਘ ਜੀ ਹੈਡ ਗ੍ਰੰਥੀ ਸਾਹਿਬ

ਆਪ ਜੀ ਬੜੇ ਗੁਰਮੁਖ ਪਿਆਰੇ, ਮਿਲਨਸਾਰ ਨੀਤੀ ਨਿਪੁੰਨ ਅਤੇ ਹਜ਼ੂਰੀ ਖਾਲਸੇ ਵਿਚ ਬੜੇ ਜੋਸ਼ੀਲੇ ਤੇ ਸਰਗਰਮੀ ਨਾਲ ਕੰਮ ਕਰਨਵਾਲੇ ਵਰਕਰ ਹਨ । ਜਿਸ ਕਰਕੇ ਆਪ ਜੀ ਨੂੰ ਬਹੁਤ ਮਾਨ ਪ੍ਰਾਪਤ ਹੈ ।

## ਭਾ: ਸ: ਮੋਹਨਸਿੰਘ ਜੀ ਛੋਟੇ ਪੁਜਾਰੀ ਸਾਹਿਬ

ਆਪ ਬੜੇ ਸ਼ੀਲ ਸੁਭਾ, ਨਾਮ ਬਾਣੀ ਦੇ ਰਸੀਏ ਅਤੇ ਹਜ਼ੂਰੀ ਖਾਲਸੇ ਵਿਚ ਸਨਿਮਾਨ ਯੋਗ ਵਿਦਵਾਨ ਹਨ । ਅਤੇ ਕਥਾ ਕੀਰਤਨ ਤੋਂ ਛੁਟ ਬੜੇ



Digitized by Panjab Digital Library | www.panjabdigilib.org

ਗੰਭੀਰ ਧਰਮ ਪਰਚਾਰਕ ਵੀ ਹਨ ।

**ਭਾ: ਸਾ: ਜਗਤਸਿੰਘ ਗ੍ਰੰਥੀ    ਭਾ: ਸਾ: ਰਾਮਸਿੰਘ ਧੂਪਿਆ**

ਆਪ ਬੜੇ ਗੁਰਮੁਖ ਪਿਆਰੇ ਤੇ ਨਾਮ ਬਾਣੀ ਦੇ ਰਸੀਏ ਸਜਨ ਹਨ

## ਸ੍ਰੀ ਹਜ਼ੂਰ ਸਾਹਿਬ ਜੀ ਦੇ ਮਹੱਲੇ

**੧) ਵਿਸਾਖੀ ਮਹੱਲਾ** ਇਹ ਮਹੱਲਾ ਪੰਥ ਖਾਲਸੇ ਜੀ ਦੀ ਜਨਮ ਦਿਨ ਦੀ ਖੁਸ਼ੀ ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ । ਸ਼ਾਮ ਨੂੰ ਚਾਰ ਵਜੇ ਗੁਰੂ ਜੀ ਦੇ ਕੋਤਲ ਤੇ ਖਾਲਸਈ ਨਿਸ਼ਾਨ ਸਾਹਿਬ ਦੀ ਤਾਬਿਆ ਮਹੱਲਾ ਨਿਕਲਕੇ ਸ਼ਬਦ ਕੀਰਤਨ ਕਰਦਾ ਹੋਇਆ ਵਡਾ ਬੌੜਾ, ਗੋਬਿੰਦ ਬਾਗ, ਮੰਡੀ ਤੋਂ ਸੰਤ ਮਹਾਰਾਜ ਮਾਨ ਦਾਸ ਘਾਟ ਤੋ ਹੋਂਦਾ ਹੋਇਆ ਸ਼ਾਮ ਨੂੰ ੮-੯ ਵਜੇ ਗੁਰਦੁਆਰਾ ਨਗੀਨਾਘਾਟ ਪੁਜਕੇ ਇਥੇ ਰਹਿਰਾਸ ਦੇ ਪਾਠ ਦਾ ਅਨੰਦ ਮਾਨਦਾ ਹੈ । ਅਰਦਾਸ ਬੇਨਤੀ ਪਿਛੋਂ ਗੁਰਦੁਆਰਾ ਲੰਗਰ ਸਾਹਿਬ ਵਿਖੇ ਗਫੇ ਲਾ, ਇਥੋਂ ਚਾਲੇ ਪਾਕੇ ਰਾਤ ਨੂੰ ੧੨ ਕੁ ਵਜੇ ਸ੍ਰੀ ਸੱਚਖੰਡ ਸਾਹਿਬ ਪੁਜਕੇ ਸਮਾਪਤ ਹੋਂਦਾ ਹੈ ।

**੨) ਦੁਸੈਹਰਾ ਮਹੱਲਾ** ਇਸ ਪੁਰਬ ਤੋਂ ਨੌ ਦਿਨ ਪਹਿਲਾਂ ਸ੍ਰੀ ਸੱਚਖੰਡ ਸਾਹਿਬ ਜੀ ਦੇ ਤਾਬਿਆਂ ਸਰਬਤ ਗੁਰਦੁਆਰਿਆ ਵਿਚ ਸ੍ਰੀ ਚੰਡੀ ਦੀ ਵਾਰ ਦਾਂ ਪਾਠ ਹੋਂਦਾ ਹੈ । ਇਹ ਮਹੱਲਾ ਵੀ ਵਿਸ਼ਾਖੀ ਮਹੱਲੇ ਵਾਂਗੂੰ ਸ਼ਾਮ ਨੂੰ ਚਾਰ ਵਜੇ ਚੜਕੇ ਪੁਰਾਣੇ ਰਸਤੇ (ਵਿਸਾਖੀ ਮਹੱਲਾ ਵਾਲੇ ਅਤੇ ਮੰਡੀ ਵਿਚੋਂ ਹੋਂਦਾਂ ਹੋਇਆ ੯-੧੦ ਵਜੇ ਨਗੀਨਾਘਾਟ ਆਜਾਂਦਾ ਹੈ ਅਤੇ ਰਾਤ ਨੂੰ ੧੨ ਕੁ ਵਜੇ ਸ੍ਰੀ ਸੱਚਖੰਡ ਸਾਹਿਬ ਪਹੁੰਚ ਕੇ ਸਮਾਪਤ ਹੋਂਦਾ ਹੈ ।

**੩) ਦੀਵਾਲੀ ਮਹੱਲਾ** ਇਸ ਪੁਰਬ ਤੇ ਹਜ਼ੂਰ ਦੇ ਸਾਰੇ ਸ਼ਸਤਰਾਂ ਦੇ ਖੁਲ੍ਹੇ ਦਰਸ਼ਨ ਦੀਦਾਰੇ ਹੋਂਦੇ ਹਨ ਮਹਲੇ ਤੋ ਤਿਨ ਦਿਨ ਪਹਿਲਾਂ ਸ੍ਰੀ ਅੰਗੀਠਾ ਸਾਹਿਬ ਦੇ ਸਾਰੇ ਸ਼ਸਤਰ ਬਾਹਰਲੀਆਂ ਪ੍ਰਕਰਮਾ ਵਿਚ ਸੁੰਦਰ ਚਾਨਣੀ ਹੇਠ ਸਜਾਏ ਜਾਂਦੇ ਹਨ ਸੰਗਤਾ ਗਰਮ ਜਲ ਤੇ ਦਹੀ ਨਾਲ ਅੰਗੀਠਾ



Digitized by Panjab Digital Library | www.panjabdigilib.org

ਸਾਹਿਬ ਦੇ ਪ੍ਰੇਮ ਨਾਲ ਇਸ਼ਨਾਨ ਕਰਾਉਂਦੀਆਂ ਹਨ। ਦੂਜੇ ਦਿਨ ਦੀਪ ਮਾਲਾ ਤੇ ਆਤਸ਼ਬਾਜੀ ਚਲਦੀ ਹੈ ਤਖਤ ਇਸ਼ਨਾਨ ਤੋਂ ਤੀਜੇ ਦਿਨ ਸ਼ਾਮ ਨੂੰ ਚਾਰ ਵਜੇ ਖਾਲਸਾਈ ਨਿਸ਼ਾਨ ਸਾਹਿਬ ਦੀ ਤਾਬਿਆਂ ਮਹੱਲਾ ਖੇਡਦਾ ਹੋਇਆ ਪੁਰਾਤਨ ਰਸਤੇ ਦੁਸਹਿਰੇ ਮਹੱਲੇ ਦੀ ਤਰਾਂ ਰਾਤ ਨੂੰ ੧੨ ਕੁ ਵਜੇ ਸ੍ਰੀ ਸੱਚਖੰਡ ਸਾਹਿਬ ਪੁਜਕੇ ਸਮਾਪਤ ਹੋਂਦਾ ਹੈ।

੪) **ਹੋਲਾ ਮਹੱਲਾ** ਪੂਰਨ ਮਾਸ਼ੀ ਤੋਂ ਦੂਜੇ ਦਿਣ ਇਹ ਮੱਹਲਾ ਭੀ ਬੜੀ ਧੁਮ ਧਾਮ ਨਾਲ ਮਨਾਇਆਂ ਜਾਂਦਾ ਹੈ ਸ਼ਾਮ ਨੂੰ ਚਾਰ ਵਜੇ ਨਿਸ਼ਾਨ ਸਾਹਿਬ ਦੀ ਤਾਬਿਆ ਮਹੱਲਾ ਚੜ੍ਹਕੇ ਵਡੇ ਬੌੜੇ ਤੋਂ ਖੇਤਾ ਵਿਚ ਦੀ ਹੋਂਦਾ ਹੋਇਆ ਗੁਰਦੁਆਰਾ ਸੰਗਤ ਸਾਹਿਬ ਪੁਜ ਕੇ ਸ਼ਬਦ ਕੀਰਤਣ ਦਾ ਅਨੰਦ ਮਾਣਦਾ ਹੈ। ਅਰਦਾਸ ਬੇਨਤੀ ਪਿਛੋਂ ਇਥੋਂ ਚਾਲੇ ਪਾਕੇ ਨਦੀ ਕੰਢੇ ਹੋਂਦਾ ਹੋਇਆ ਸ਼ਾਮ ਨੂੰ ੯–੧੦ ਵਜੇ ਗੁਰਦੁਆਰਾ ਨਗੀਨਾਘਾਟ ਪੁਜਕੇ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਤੋਂ ਉਪ੍ਰੰਤ ਲੰਗਰ ਪਰਸਾਦਿ ਛਕਕੇ ਇਥੋਂ ਚਾਲੇ ਪਾਕੇ ੧੨ ਵਜੇ ਸ੍ਰੀ ਸੱਚਖੰਡ ਪੁਜਕੇ ਸਮਾਪਤ ਹੋਂਦਾ ਹੈ।

੫) **ਮਹੱਲਾ ਗੁਰਿਆਈ** ਇਹ ਮਹੱਲਾ ਸੰਮਤ ੨੦੦੫ ਤੋਂ ਪਰੰਪਰਾ ਮਰਿਯਾਦਾ ਵਿਚ ਆਇਆ ਹੈ ਕੱਤਕ ਸੁਦੀ ਦੂਜ ਨੂੰ ਸਵੇਰੇ ਅਠ ਵਜੇ ਗੁਰਦੁਆਰਾ ਨਗੀਨਾਘਾਟ ਜੀ ਤੋਂ ਇਕ ਪੁਸ਼ਪਾ ਨਾਲ ਸਜੀ ਹੋਈ ਕਾਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਰਾਜ ਜੀ ਦੀ ਤਾਬਿਆ ਬੜੇ ਪ੍ਰੇਮ ਨਾਲ ਮਹੱਲਾ ਨਿਕਲਦਾ ਹੈ। ਸ਼ਬਦ ਕੀਰਤਨ ਦਾ ਅਨੰਦ ਮਾਨਦਾ ਹੋਇਆ ਦੁਪਹਿਰ ਨੂੰ ੧੦–੧੧ ਵਜੇ ਸ੍ਰੀ ਸੱਚਖੰਡ ਸਾਹਿਬ ਜੀ ਪੁਜਕੇ ਸਮਾਪਤ ਹੋ ਜਾਂਦਾ ਹੈ ਜਿਥੇ ਪੰਜ ਪਿਆਰੇ ਸਾਹਿਬ ਜੀ ਗੁਰੂ ਮਹਾਰਾਜ ਜੀ ਨੂੰ ਬੜੇ ਆਦਿਰ ਸਤਿਕਾਰ ਨਾਲ ਸ੍ਰੀ ਤਖਤ ਸਾਹਿਬ ਜੀ ਤੇ ਅਸਥਾਪਨ ਕਰ ਸੇਵਕਾਂ ਪਰਤੀ ਹੁਕਮਨਾਮਾ ਸੁਣਾ ਨਿਹਾਲ ਕਰਦੇ ਹਨ।

**ਚੌਕੀ ਗੁ: ਸੰਗਤ ਸਾਹਿਬ** ਹੋਲੇ ਮਹਲੇ ਤੋਂ ਤਿੰਨ ਹਪਤੇ ਪਹਿਲਾਂ ਇਹ ਚੌਕੀ ਸਵੇਰੇ ਹੀ ਸਚਖੰਡ ਸਾਹਿਬ ਤੋਂ ਚਲੇ ਪਾਕੇ ਸਬਦ ਕੀਰਤਨ ਕਰਦੀ ਹੋਈ ਦੁਪੈਹਰ ਦਾ ਲੰਗਰ ਗੁਃ ਸੰਗਤ ਸਾਹਿਬ ਪੁਜਕੇ ਛਕਦੀ ਹੈ।



Digitized by Panjab Digital Library | www.panjabdigilib.org

ਇਥੇ ਸ਼ਬਦ ਕੀਰਤਨ ਤੋਂ ਉਪ੍ਰੰਤ ਖਾਲਸਈ ਨਿਸ਼ਾਨ ਦਾ ਨਵਾ ਫਰੈਰਾ ਝੂਲਾ ਕੇ ਸ਼ਾਮ ਨੂੰ ਵਾਪਸ ਸ੍ਰੀ ਸਚਖੰਡ ਸਾਹਿਬ ਪੁਜਕੇ ਸਮਾਪਤ ਹੋਂਦੀ ਹੈ।

**ਚੌਕੀ ਸ਼ਿਕਾਰ ਘਾਟ** ਇਹ ਚੌਕੀ ਹੋਲੇ ਮਹਲੇ ਤੇ ਇਕ ਹਫਤੇ ਪਹਿਲਾਂ ਸਵੇਰੇ ਸ੍ਰੀ ਸਚਖੰਡ ਜੀ ਤੋਂ ਚਾਲੇ ਪਾਕੇ ਸਬਦ ਕੀਰਤਨ ਕਰਦੀ ਗੁ: ਹੀਰਾ ਘਾਟ ਦੁਪੈਹਰ ਨੂੰ ਪੁਜਕੇ ਲੰਗਰ ਪ੍ਰਸ਼ਾਦਿ ਛਕਦੀ ਹੈ। ਸਾਰੀ ਰਾਤ ਇਥੇ ਸਬਦ ਕੀਰਤਨ ਹੋਂਦਾ ਹੈ ਸਵੇਰੇ ਤਿਨੇ ਵਜੇ ਹੀ ਗੁ: ਲੰਗਰ ਸਾਹਿਬ ਦੇ ਸੇਵਕ ਜਥੇ ਵਲੋਂ ਸੰਗਤਾ ਨੂੰ ਗਰਮ ਗਰਮ ਚਾਹ ਛਕਾਈ ਜਾਂਦੀ ਹੈ। ਸ੍ਰੀਆਸਾਜੀ ਦੀ ਵਾਰ ਦੇ ਭੋਗ ਪੈਣ ਤੇ ਇਥੋ ਚਾਲੇ ਪਾਕੇ ਗੁ: ਮਾਤਾ ਸਾਹਿਬ ਦੀਵਾਨ ਤੇ ਲੰਗਰ ਦੀ ਹਾਜ਼ਰੀ ਭਰਕੇ ਸ਼ਾਮ ਦਾ ਲੰਗਰ ਗੁ: ਸ਼ਿਕਾਰ ਘਾਟ ਪੁਜਕੇ ਛਕਦੀ ਹੈ। ਇਥੇ ਵੀ ਸਾਰੀ ਰਾਤ ਹਰੀਜਸ ਹੋਂਦਾ ਹੈ। ਸਵੇਰੇ ਇਥੋ ਚਾਲੇ ਪਾਕੇ ਦੁਪੈਹਰ ਦਾ ਲੰਗਰ ਗੁ: ਮਾਤਾ ਸਾਹਿਬ ਛਕਕੇ ਸ਼ਾਮ ਨੂੰ ਸ੍ਰੀ ਸਚਖੰਡ ਸਾਹਿਬ ਪੁਜਕੇ ਚੌਕੀ ਸਮਾਪਤ ਹੋਂਦੀ ਹੈ।

ਉਕਤ ਮਹੱਲਿਆਂ ਤੋਂ ਇਲਾਵਾਂ ਇਥੇ ਤਿੰਨ ਹੋਰ ਗੁਰਪੁਰਬ ਬੜੀ ਧੂਮ ਧਾਮ ਨਾਲ ਮਨਾਇ ਜਾਂਦੇ ਹਨ। (੧) ਪੋਹ ਸੁਦੀ ਸਪਤਮੀ। (੨) ਕਤਕ ਪੂਰਨਮਾਸ਼ੀ। (੩) ਕਤਕ ਸੁਦੀ ਪੰਚਮੀ ਜੋਤੀ ਜੋਤ ਪਾਤਸ਼ਾਹੀ ੧੦। ਇਨਾ ਗੁਰਪੁਪਬਾਂ ਤੇ ਇਕ ਦਿਨ ਪਹਿਲਾਂ ਸ਼ਾਮ ਨੂੰ ਗੁਰੂ ਮਹਾਰਾਜ ਦੇ ਕੋਤਲਾਂ ਦੀ ਤਾਬਿਆ ਨਗਰ ਕੀਰਤਨ ਦੀ ਸਕਲ ਵਿਚ ਜਲੂਸ ਨਿਕਲਦਾ ਹੈ। ਜੋ ਸੱਚਖੰਡ ਸਾਹਿਬ ਦੀ ਪ੍ਰਕਰਮਾ ਕਰਦ ਿਇਆ ਸ਼ਾਮ ਨੂੰ ਸਤ ਵਜੇ ਸਮਾਪਤ ਹੋਂਦਾ ਹੈ।

## ਦਰਸ਼ਨ ਕਰਨ ਯੋਗ ਸ਼ਸਤਰ


੧) ਸਾਹਿਬਾਂ ਦੀ ਸੁਨਹਿਰੀ ਹੀਰੇ ਜਵਾਹਰਾਤ ਜੜਤ ਜਿਗਾ ਕਲਗੀ।

੨) ਛੋਟੀ ਕਿਰਪਾਨ। ਇਹ ਹਜ਼ੂਰ ਦੇ ਜੋਤੀ ਜੋਤ ਸਮਾਉਣ ਪਿਛੋ ਅੰਗੀਠਾ ਸਾਹਿਬ ਵਿਚੋਂ ਲਭੀ ਸੀ।




Digitized by Panjab Digital Library | www.panjabdigilib.org



Digitized by Panjab Digital Library | www.panjabdigilib.org

ਗੁ:ਨਾਨਕ ਝੇਰਾ ਬਿਦਰ



੩) ਦਸਮੇਸ਼ ਪਿਤਾ ਜੀਦਾਂ ਤੀਰ ਕਮਾਨ ਮਹਿ ਭਥਾ । ੪) ਤੀਰ ਫੌਲਾਦੀ । ੫) ਗਜਗਾਹ ਦਸਮੇਸ਼ ਪਿਤਾ ਜੀ ਦੀ । ੬) ਭਗੌਤਾ ਬਾਬਾ ਦੀਪਸਿੰਘ ਜੀ। ੭) ਭਗੌਤਾ ਬਾਈ ਸੰਤੋਖਸਿੰਘ ਜੀ। ੮) ਭਗੌਤਾ ਭਾਈ ਗੁਰਬਖਸ਼ਸਿੰਘ ਜੀ। ੯) ਭਗੌਤਾ, ਢਾਲਾ, ਫੂਲਾਸਿੰਘ ਜੀ ਅਕਾਲੀ । ੧੦) ਭਗੌਤਾ, ਮਹਾਰਾਜਾ ਰਣਜੀਤਸਿੰਘ ਜੀ । ੧੧) ਭਗੌਤਾ, ਸੰਤ ਬਾਬਾ ਨਿਧਾਨਸਿੰਘ ਜੀ।

## ਗੁਰਦੁਆਰਾ ਬਿਸ਼ਨਪੁਰੀ

ਗੁਰਦੁਆਰਾ "ਛੋਟੀ ਸੰਗਤ" ਤੇ "ਬੜੀ ਸੰਗਤ" ਏਹ ਦੋ ਗੁਰਦੁਆਰੇ ਗੁਰਦੁਆਰਾ ਨਾਨਕ ਪੁਰੀ ਤੇ ਫਤਨ ਗੜ ਜਾਨ ਵੇਲੇ ਪਕੀ ਸੜਕ ਤੋਂ ਥੋੜੇ ਦੂਰ ਵੱਲ ਬਿਸ਼ਨਪੁਰੀ ਪਿੰਡ ਵਿੱਚ ਸੁਸੋਭਤ ਹਨ। ਏਸ ਪਿੰਡ ਵਿਚ ਭੀ ਬਹੁਤ ਸਾਰੇ ਗੁਰ ਸਿੱਖ ਪ੍ਰੇਮੀ ਰਿਹਾਇਸ਼ ਰਖਦੇ ਹਨ। ਛੋਟੀ ਸੰਗਤ ਹੇਠਲੇ ਹਿੱਸੇ ਵੱਲ ਬੜੀ ਸੰਗਤ ਉਤਲੇ ਹਿੱਸੇ ਵੱਲ ਸਸ਼ੋਭਤ ਹੈ ਬੜੀ ਸੰਗਤ ਦੇ ਪੁਜਾਰੀ ਭਾਈ ਭੀਮਸਿੰਘ ਜੀ ਅਤੇ ਛੋਟੀ ਸੰਗਤ ਦੇ ਪੁਜਾਰੀ ਭਾਈ ਰਾਮਸਿੰਘ ਜੀ ਧੂਪੀਆ ਹਨ।

## ਗੁਰਦੁਆਰਾ ਨਾਨਕਪੁਰੀ

ਦੋਹਰਾ :– ਸਤਿਗੁਰ ਨਾਨਕ ਦੇਵ ਜੀ। ਤਾਰਨ ਆਏ ਜਹਾਨ ॥
ਚਾਰ ਵੇਦ ਮਿਲ ਜਸ ਕਰੇਂ। ਮਹਿਮਾਂ ਮਹਾਂ ਮਹਾਨ ॥

## ਚੌਪਈ

ਦਖੱਨ ਦੇਸ ਗੁਰ ਤਾਰਨ ਆਏ। ਮਾਲਟੇਕੜੀ ਡੇਰੇ ਲਾਇ ॥
ਮਾਲਟੇਕਰੀ ਤੋਂ ਜਬ ਚਾਲੇ। ਬਿਸ਼ਨਪੁਰੀ ਢਿਗ ਆਇ ਤਤਕਾਲੇ ॥
ਥਾਨ ਰਮਣੀਕ ਦੇਖ ਬਿਸਾਲਾ। ਬੈਠ ਗਏ ਸ੍ਰੀ ਪਰਭੂ ਕ੍ਰਿਪਾਲਾ ॥
ਨੌ ਦਿਨ ਨੌ ਪਲ ਤਹਾਂ ਬਿਤਾਇ। ਸਤਿਗੁਰ ਲੀਲਾ ਕਥੀ ਨਾ ਜਾਇ ॥
ਜਹਿ ਬੈਠੇ ਬੇਦੀ ਕੁਲ ਚੰਦਾ। ਸੋਭਾ ਜਿਨਕੀ ਚੰਦ ਮਨਿੰਦਾਂ ॥
ਯਹਿ ਤੇ ਬਿਦਰ ਗਏ ਗੁਣ ਖਾਣੀ। ਸ਼ਿਵਸੰਕ੍ਰ ਮਿਲ ਕਥੇ ਗਿਆਨੀ ॥



Digitized by Panjab Digital Library | www.panjabdigilib.org

ਜਹਿ ਸਤਿਗੁਰ ਨੇ ਚਰਨ ਟਿਕਾਇ। ਨਾਨਕਪੁਰੀ ਨਾਮ ਤਹਿ ਠਾਇ ॥
ਤਾਲ ਮਹਾਨ ਵਹੇ ਇਕ ਸੁੰਦਰ। ਨਾਇ ਕਲੇਸ ਮਿਟੇ ਦੁਖ ਦੁੰਦਰ ॥
ਉਚ ਹਵੇਲੀ ਤਹਾਂ ਸੁਹਾਵੇ। ਦਰਸ ਕਰੇ ਮਨ ਬਾਂਛਤ ਪਾਵੇ ॥
ਜੋ ਸਿਖ ਤਹਿ ਠਾਹ ਦਰਸ਼ਨ ਕਰੇ। ਸਤਿਗੁਰ ਮਨਕਾ ਸੰਸਾ ਹਰੈ ॥
ਮਨਸਾ ਧਾਰ ਜੋ ਤਾਲ ਮਹਿ ਨਾਵੈ। ਚਾਰ ਪਦਾਰਥ ਲੈਘਰ ਜਾਵੈ ॥
ਪੀਰ ਫਕੀਰ, ਗੁਣ ਨਾਨਕ ਗਾਵੈ। ਹਰਨਾਮਸਿੰਘ ਤਹਿ ਬਲਹਜਾਵੈ ॥

ਇਹ ਗੁਰਦੁਆਰਾ ਨਾਨਕ ਪੁਰੀ, ਸ੍ਰੀ ਸੱਚਖੰਡ ਸਾਹਿਬ ਜੀ ਤੋਂ ਛੇ ਮੀਲ ਨਦੀ ਪਾਰ ਦਖੱਨ ਪਛਮ ਦੀ ਗੁਠ ਵਿਚ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੀ ਯਾਦ ਤਾਜ਼ਾ ਕਰਾ ਰਿਹਾ ਹੈ। ਗੁਰੂ ਜੀ ਬਿਦਰ ਨੂੰ ਜਾਣ ਲਗਿਆ ਇਥੇ ਨਿਰਮਲ ਜਲ ਵੇਖ ਆ ਬਿਰਾਜੇ ਸਨ। ਅਤੇ ਸਰਬਤ ਨਗਰ ਵਾਸੀਆਂ ਨੂੰ ਸਤਿਨਾਮ ਦਾ ਉਪਦੇਸ਼ ਦੇਕੇ ਬਿਦਰ ਸਹਰਿ ਨੂੰ ਪਧਾਰੇ ਸਨ। ਸ੍ਰੀਮਾਨ ਸੰਤ ਬਾਬਾ ਨਿਧਾਨਸਿੰਘ ਜੀ ਦੀ ਅਨਥਕ ਗੁਰ ਸੇਵਾ ਸਦਕਾ ਇਥੇ ਗੁਰੂ ਦਾ ਲੰਗਰ ਖੁਲਾ ਹੈ। ਇਥੋਂ ਦੇ ਜਥੇਦਾਰ ਭਾਈ ਅਮਰਸਿੰਘ ਜੀ ਹਨ।

ਇਥੇ ਇਕ ਗੁਰਦੁਆਰਾ ਨਾਨਕਪੁਰੀ ਦੇ ਸਾਹਮਨੇ ਸ਼ਸ਼ੋਭਤ ਹੈ। ਇਥੇਵੀ ਗੁਰੂਜੀ ਨਗਰ ਵਾਸ਼ੀਆਂ ਨੂੰ ਦਰਸ਼ਨ ਬਖਸ਼ਕੇ ਨਾਮ ਉਪਦੇਸ਼ ਦੇਂ ਦੇ ਸਨ ਇਥੋਂ ਦੇ ਪੁਜਾਰੀ ਭਾਈ ਗੁਲਾਬਸਿੰਘ ਅਤੇ ਭਾਈ ਕਰਮਸਿੰਘ ਜੀ ਹਨ। ਇਸ ਅਸਥਾਨ ਦੀ ਇਮਾਰਤ ਸੇਵਾ ਸ਼ੁਰੂ ਹੈ।

## ਗੁਰਦੁਆਰਾ ਰਤਨਗੜ ਸਾਹਿਬ

ਜਦ ਸਤਗੁਰ ਭਾਣਾ ਵਰਤਾਇਓ। ਦਖੱਨ ਦਿਸਾ ਕੀ ਓਰ ਸਿਧਾਇਓ ॥
ਨੀਲੇ ਦੀ ਗੁਰੂ ਅਹੈ ਸਵਾਰੀ। ਸਤਿਗੁਰ ਲੀਲਾ ਅਪਰ ਅਪਾਰੀ ॥
ਇਕ ਸਾਧੂ ਆ ਦਰਸ਼ਨ ਕੀਨਾ। ਹਮ ਬੋਲੇ ਤਬ ਗੁਰੂ ਪਰਬੀਨਾ ॥
ਅਹੋ ਸੰਤ ਸੁਨਿਓ ਮੋਹਿ ਪਿਆਰੇ। ਕਹੋ ਹਾਲ ਕਿਮ ਅਹੈ ਤੁਮਾਰੇ ॥



Digitized by Panjab Digital Library | www.panjabdigilib.org

ਆਏ ਸੰਤ ਨੇ ਬੰਦਨ ਕਰੀ। ਨਮੋ ਸਤਿਗੁਰ ਹਰਿ ਹਰੀ ॥
ਦੋਇ ਕਰ ਜੋੜ ਸੰਤ ਜੀ ਬੋਲੇ। ਕਿਹ ਬਿਧ ਗਮਨਤ ਭਏ ਅਕੇਲੇ ॥
ਦੀਨ ਦਿਆਲ ਕਿਮ ਐਸੇ ਆਇਓ। ਸ਼ਿੰਘਨ ਕੋ ਨਹਿ ਸਾਥ ਲਿਆਓ ॥
ਸੁਣੋ ਸੰਤ ਗੁਰੂ ਐਸ ਬਖਾਨਾ। ਹਮਰੋ ਭਯੋ ਪਰਲੋਕ ਪਯਾਨਾ ॥
ਤੁਮ ਜਾਵੋ ਨਾ ਬਿਲਮ ਲਗਾਵੋ। ਸਭ ਸੰਗਤ ਕੋ ਜਾਇ ਸੁਣਾਵੋ ॥
ਘੋੜਾ ਸਾਜ ਬਾਜ ਹਮ ਲਾਇ। ਸੰਗਤ ਚਿੰਤਾ ਕਰੇ ਨਾ ਕਾਇ ॥
ਅੰਗ ਸੰਗ ਹਮ ਅਹੈ ਤੁਮਾਰੇ। ਸ਼ਤਿਗੁਰ ਤੁਮਰੇ ਕਾਜ ਸਵਾਰੇ ॥
ਬਿਹਬਲ ਹੋਣਾ, ਮੋਹਿ ਨ ਭਾਈ। ਕੀਰਤਨ ਕਰਨਾ ਰਲ ਸਮਦਾਈ ॥
ਸਿੰਘਨ ਕੋ ਇਹ ਜਾਇ ਸੁਨਾਂਵੋ। ਸਿਮਰੋ ਸਤਿਨਾਮ ਸੁਖ ਪਾਵੋ ॥
ਗੁਰ ਕਾ ਹੁਕਮ ਸੰਤ ਲੇ ਆਇਓ। ਸਭ ਸੰਗਤ ਕੋ ਆਨ ਸੁਣਾਇਓ ॥
ਆਗੇ ਸੰਗਤ ਬਿਹਬਿਲ ਹੋਈ। ਨਿਰਧਨ ਤੇ ਧਨ ਜੈਸੇ ਖੋਈ ॥
ਕਿਆ ਕਾਰਨ ਸੰਤ ਪੂਛਨ ਕਰਿਓ ਚਿੰਤਾਤੁਰ ਗਤਿ ਚਿਤ ਮੈਂ ਧਰਿਓ।
ਸਤਿਗੁਰ ਭਏ ਪਲੋਕ ਸਿਧਾਇ। ਚਿੰਤਾਤੁਰ ਸਿੰਘ ਭਾਖ ਸੁਣਾਇ ॥
ਭਾ ਅਚਰਜ ਕਛੂ ਲਖਿਓ ਨ ਜਾਵੈ। ਸਭ ਸਿੰਘਨ ਕੋ ਹੁਕਮ ਸੁਣਾਵੈ ॥
ਜੰਗਲ ਖੇਲੇ ਗੁਰੂ ਸ਼ਿਕਾਰ। ਸੁਣੋ ਖਾਲਸਾ ਨਿਹਚੇਧਾਰ ॥
ਘੋੜੇ ਪਰ ਅਸਵਾਰ ਗੁਸਾਈ। ਮਥੇ ਕਲਗੀ ਬਾਜ ਸੁਹਾਈ ॥
ਨਹੀਂ ਤਬੇਲੇ ਨੀਲਾ ਘੋੜਾ। ਸਹਿਆ ਨਾ ਜਾਇ ਗੁਰੂ ਵਿਛੋੜਾ ॥
ਨਿਹਚੇਧਾਰ ਸੁਣੇ ਜੋ ਕੋਈ। ਸ਼ਿੱਖੀ ਤਿਸ਼ੇ ਪਰਾਪਤ ਹੋਈ।
ਕੌਤਕ ਰਚਿਓ ਸ੍ਰੀ ਕ੍ਰਿਪਾਲਾ। ਰਤਨਗੜ ਹੈ ਜਹਾਂ ਬਿਸਾਲਾ।
ਸਿੱਖ ਸਿੱਖਨੀ ਜੋ ਦਰਸ਼ਨ ਜੋਵੈ। ਕਲਿਮਲ ਮੈਲ ਸਕਲ ਹੀ ਖੋਵੇ ॥
ਨਾਮ ਰਤਨਗੜ ਗੁਰਦੁਆਰਾ। ਸ਼ੋਭਾ ਤਾਕੀ ਅਪਰ ਅਪਾਰਾ ॥
ਦਾਸ ਹਰਨਾਮਸਿੰਘ ਕਹੇ ਮਸਕੀਨ। ਸ੍ਰੀ ਗੁਰੂ ਕੌਤਕ ਇਸ਼ ਬਿਧ ਕੀਨ ॥

ਇਹ ਗੁਰਦੁਆਰਾ ਰਤਨ ਗੜ ਸਾਹਿਬ ਸ੍ਰੀ ਸੱਚਖੰਡ ਸਾਹਿਬ ਜੀ ਤੋਂ ਅਠ ਮੀਲ ਅਤੇ ਗੁਰਦੁਆਰਾਂ ਨਾਨਕਪੁਰੀ ਤੋਂ ਦੋ ਮੀਲ ਦਖੱਨ ਦਿਸ਼ਾ



Digitized by Panjab Digital Library | www.panjabdigilib.org

ਨੂੰ ਰਤਨਾਗੀਰੀ ਦੇ ਉਚੀਆ ੨ ਪਹਾੜਿਆਂ ਵਿਚ ਘਿਰਿਆ ਹੋਇਆ ਸਾਹਿਬਾਂ ਦੀ ਅੰਤਮ ਯਾਦ ਤਾਜ਼ਾ ਕਰਾਂ ਰਿਹਾ ਹੈ। ਇਥੇ ਹੀ ਗੁਰੂ ਜੀ ਨੇ ਸੱਚਖੰਡ ਪਯਾਨੇ ਕਰਨ ਮਗਰੋਂ ਇਕ ਦਰਸ਼ਨ ਅਭਿਲਾਸੀ ਸ਼ੰਤ ਜੀ ਨੂੰ ਦੀਦਾਰੇ ਬਖਸ਼ਕੇ ਫੁਰਮਾਇਆ ਸੀ ਜੋ "ਤੁਸੀਂ ਸ੍ਰੀ ਸੱਚਖੰਡ ਜਾਕੇ ਸਾਡੇ ਖਾਲਸੇ ਨੂੰ ਰੁਦਨ ਕਰਨੋਂ ਹਟਾਓ, ਅਤੇ ਦਸੋ ਜੋ ਅਸੀਂ ਖਾਲਸੇ ਦੇ ਸਦੀ ਅੰਗ ਸੰਗ ਹਾਂ ਅਤੇ ਸਾਰਾ ਖਾਲਸਾ ਕੀਰਤਨ ਤੇ ਸਤਿਨਾਮ ਦਾ, ਜਾਪ ਕਰੇ।" ਇਹ ਹੁਕਮ ਓਸ ਸੰਤ ਨੇ ਸੱਚਖੰਡ ਆਕੇ ਖਾਲਸੇ ਨੂੰ ਸੁਣਾਇਆ ਅਤੇ ਅਸਤਬਲ ਵਿਚ ਸਾਹਿਬਾਂ ਦਾ ਬਾਜ਼ ਘੋੜਾ ਗਾਇਬ ਹੋਇਆਂ ਦੇਖ ਕੇ ਸਾਰਿਆਂ ਨੂੰ ਯਕੀਨ ਆਗਿਆ ਕਈਆਂ ਨੇ ਸਾਹਿਬਾਂ ਦਾ ਅੰਗੀਠਾ ਫੋਲਿਆ ਜਿਸ ਵਿਚੋਂ ਕੇਵਲ ਇਕ ਛੋਟੀ ਕ੍ਰਿਪਾਨ ਲਭੀ।

ਇਸ ਗੁਰਦੁਆਰਾ ਸਾਹਿਬ ਜੀ ਦੀ ਸੇਵਾ ਸ੍ਰੀਮਾਨ ੧੦੮ ਸੰਤ ਬਾਬਾ ਨਿਧਾਨਸਿੰਘ ਜੀ ਨੇ ਕਰਾਈ ਹੈ ਅਤੇ ਗੁਰਦੁਆਰਾ ਸ਼ਾਹਿਬ ਦੀ ਨੀਹਾਂ ਰਖਨ ਵੇਲੇ ਲਾਰੇ ੨ ਦੇ ਚਾਲੀ ਕੁ ਪਿੰਡਾਂ ਨੂੰ ਲੰਗਰ ਛਕਾ ਕੇ ਇਕ ਭਾਰੀ ਯੱਗ ਸ਼ੰਪੂਰਨ ਕੀਤਾ ਸੀ। ਇਥੇ ਅਤੇ ਨਾਨਕਪੁਰੀ ਉਤੇ ਪ੍ਰਉਪਕਾਰੀ ਬਾਬਾ ਜੀ ਨੇ ਕੰਈ ਇਹੋ ਜਿਹੇ ਯਗ ਕੀਤੇ ਹਨ ਇਕ ਪੇਨਸ਼ਰ ਸਜਨ ਨਿਰੰਜਨਸਿੰਘ ਜੀ ਨੇ ਦੋ ਮੁਰੱਬੇ ਜ਼ਮੀਨ ਗੁਃ ਲੰਗਰ ਸਾਹਿਬ ਦੇ ਲੋਹ ਲੰਗਰ ਨਾਮ ਅਰਦਾਸ ਕਰਵਾਈ ਸੀ ਜੋ ਇਥੇ ਹੀ ਹੈ ਅਤੇ ਉਸਦੀ ਆਮਦਨੀ ਲੰਗਰ ਵਿਚ ਸ਼ਫਲੀ ਹੋਂਦੀ ਹੈ।

# ਗੁਰਦੁਆਰਾ ਨਾਨਕਝੇਰਾ ਬਿਦਰ

ਥਾਨ ਰਮਣੀਕ ਦੇਖ ਦਇਆਲਾਂ। ਤਹਿ ਠਾ ਥਿਰੇ ਪਰਭੂ ਕ੍ਰਿਪਾਲਾ ॥
ਇਸ ਥਾਂਕੋ ਅਸ ਭਾਗ ਲਗਾਯੋ। ਭਇਉ ਮਸ਼ਹੂਰ ਜਸ ਜਗ ਗਾਇਓ ॥
ਅਤਿ ਸੁੰਦਰ ਪਾਣੀ ਕੀ ਧਾਰਾ। ਵਹੈ ਗੰਗਾ ਸਮ ਅਹੈ ਅਪਾਰਾ ॥
ਨਾਨਕ ਝੇਰਾਂ ਨਾਂਮ ਭਨਿਓ ਹੈ। ਸੁੰਦਰ ਅਤੀ ਤਲਾਂਅ ਬਨਿਓ ਹੈ ॥



Digitized by Panjab Digital Library | www.panjabdigilib.org

ਕੁਛਕੁ ਸਮਾਂ ਇਸ ਥਾਂ ਬਿਤਾਇਓ । ਆਇ ਸਭਨ ਸ੍ਰੀ ਦਰਸ਼ਨ ਪਾਇਓ ॥
ਮਨਸਾਧਾਰ ਜੋ ਘਰ ਤੇ ਆਵੈ । ਚਾਰ ਪਦਾਰਥ ਲੈਕਰ ਜਾਵੈ ॥
ਗੁਣ ਨਿਧਾਨ ਗੁਰੂ ਅੰਤਰਜਾਮੀ । ਚਲੇ ਬਿਦਰ ਸੇ ਜਗ ਕੇ ਸੁਆਮੀ ॥
ਮਰਦਾਨਾ ਬਾਲਾ ਮਹਾਰਾਜਾ । ਪਾਂਚ ਕੋਸ਼ ਪਰ ਜਾਇ ਬਿਰਾਜਾ ॥
ਉਹੋ ਥਲ ਪਿਖ ਬਿਰੇ ਗੁਸਾਈ । ਭੇਖ ਫ਼ਕੀਰੀ ਅਜ਼ਬ ਸੁਹਾਈ ॥
ਲਗੀ ਸਮਾਧ ਹਰੀ ਗੁਨ ਗਾਵੇ । ਮਰਦਾਨਾ ਰਬਾਬ ਬਜਾਵੈ ॥
ਬਾਲਾ ਸੁੰਦਰ ਚੌਰ ਢੁਲਾਵੈ । ਜੈ ਜੈ ਕਾਰ ਦੇਵ ਗਣ ਗਾਵੈ ॥
ਸ਼ਾਹ ਸਰਫਿ ਚੇਲੇ ਸੰਗਿ ਲਾਇ । ਮਕੈ ਕਾ ਹਜ ਕਰਨੇ ਜਾਇ ॥
ਉਸੀ ਥਾਂ ਆ ਕੀਤਾ ਡੇਰਾ । ਜਹਿ ਬੈਠੇ ਸਨ ਗੁਰੂ ਗੁਹੇਰਾ ॥
ਰੀਤ ਫਕੀਰੀ ਕੀ ਇਸ ਧਰੀ । ਕਹੇਂ ਫਕੀਰ ਕਿਆ ਕਰਨਾ ਕਰੀ ॥
ਜਾ ਤੇ ਭੇਖ ਫਕੀਰੀ ਉਤਾਰੋ । ਨਹੀਂ ਤੋ ਹਮਾਰਾ ਭਰਮ ਨਿਵਾਰੋ ॥
ਯਾਤੇ ਕਰੋ ਫਕੀਰੀ ਲਛੱਨ । ਨਹੀਂ ਤੋ ਭੇਖ ਉਤਾਰ ਬਚੱਖਨ ॥
ਸ੍ਰੀ ਸਤਿਗੁਰੂ ਅਸ ਵਾਕ ਅਲਾਏ । ਸ਼ਾਹ ਦੇ ਮਨ ਦਾ ਭਰਮ ਮਿਟਾਇ ॥
ਹਥ ਜੋੜ ਸਲਾਮ ਸ਼ਾਹ ਕਰੀ । ਅਹੋ ਖੁਦਾ ਸ਼ੰਕਾ ਮਮ ਹਰੀ ॥
ਖੁਦਾਇ ਰੂਪ ਨਾਨਕ ਕਾ ਧਰਾ । ਦਰਸ ਕੀਏ ਦੁਖ ਅਪਣਾ ਟਰਾ ॥
ਲੇ ਆਗਿਆ ਤਬ ਜਾਂਵਣ ਕੇਰੀ । ਭੁਲ ਛਿਮਾ ਕਰੀਓ ਗੁਰੂ ਮੇਰੀ ॥
ਤਬ ਮਰਦਾਨੇ ਅਰਜ ਅਲਾਈ । ਹੇ ਗੁਰੂ ਹਜ ਮੱਕੇ ਚਿਤ ਚਾਈ ॥
ਮਰਦਾਨੇ ਦੇ ਚਿਤ ਦੀ ਜਾਣੀ । ਤਤ ਛਿਨ ਮਕੇ ਗਏ ਗੁਣ ਖਾਣੀ ॥

ਇਹ ਗੁਰਦੁਆਰਾ ਨਾਨਕ ਝੇਰਾ ਸ੍ਰੀ ਹਜ਼ੂਰ ਸਾਹਿਬ ਜੀ ਤੋਂ ੧੨੦ ਮੀਲ ਦਖੱਨ ਦਿਸ਼ਾ ਵਿਚ ਜਿਲਾ ਬਿਦਰ ਸ਼ਹਿਰ ਤੋਂ ਦੋ ਮੀਲ ਦੇ ਫਾਸਲੇ ਤੇ ਸ਼ਸੋਭਤ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਨਾਨਕਪੁਰੀ ਨੂੰ ਭਾਗ ਲਾਕੇ ਇਥੇ ਪੁਜੇ ਅਤੇ ਨਗਰ ਨਿਵਾਸਿਆਂ ਦੀ ਬੇਨਤੀ ਕਰਨ ਤੇ, ਆਪਣੇ ਖੜਾਂਅ ਦੀ ਛੋਹ ਨਾਲ ਇਕ ਸੁੰਦਰ ਜਲਦਾ ਚਸ਼ਮਾ ਪ੍ਰਗਟ ਕੀਤਾ ਜੋ ਅਜਤਕ ਉਸੇ ਤਰ੍ਹਾਂ ਵਗਦਾ ਚਲਾਂ ਆਰਿਹਾ ਹੈ । ਕੁਛ ਸਮਾ ਇਥੇ ਹੀ ਰੱਬੀ ਅਨੰਦ ਮਾਣਕੇ ਤੇ ਮਰਦਾਨੇ ਦੀ ਬੇਨਤੀ ਤੇ ਗੁਰੂਜੀ ਮਕੇ ਸ਼ਰੀਫ ਨੂੰ ਚਾਲੇ ਪਾ ਗਏ ਸਨ ।



Digitized by Panjab Digital Library | www.panjabdigilib.org

ਇਥੋਂ ਕਰੀਬਨ ਪੰਚ ਕੋਹ ਦੀ ਵਾਟ ਤੇ ਫ਼ਕੀਰ ਸ਼ਾਹ ਸਰਫ ਨਾਲ ਗਿਆਨ ਗੋਸ਼ਟ ਹੋਈ ਅਤੇ ਉਸ ਨੇ ਅਧੀਨ ਹੋਕੇ ਭੁਲ ਬਖਸ਼ਵਾਈ। ਜੋ ਆਪਣੇ ਚੇਲਿਆ ਸਮੇਤ ਮੱਕੇ ਸ਼ਰੀਫ ਦੇ ਹਜ ਨੂੰ ਜਾ ਰਿਹਾ ਸੀ। ਇਧਰ ਸਿੰਘਾਦੀ ਵਸੋਂ ਨ ਹੋਣ ਕਰਕੇ ਨਜਾਮ ਰਾਜ ਵਿਚ ਇਸ ਗੁਰੂਧਾਮ ਤੇ ਮੁਸਲਮਾਨਾਨੇ ਕਬਜ਼ਾ ਕਰਲਿਆ ਸੀ ਜਿਸਦਾ ਮੁਕਦਮਾ ਕੰਈ ਚਿਰ ਬਿਦਰ ਅਦਾਲਤ ਵਿਚ ਤੇ ਫਿਰ ਹਾਈ ਕੋਰਟ ਹੈਦਰਾਬਾਦ ਵਿਚ ਚਲਦਾ ਰਿਹਾ ਜਿਸਦੀ ਪੈਰਵੀ ਦਾਸ ਨੇ ਕੁਛ ਅਰਸਾ ਕੀਤੀ ਹੈ। ਅੰਤ ਫਤੇ ਖਾਲਸੇ ਦੀ ਹੋਈ ਹੁਣ ਇਥੇ ਸ਼ਾਨਦਾਰ ਸ਼੍ਰੋਵਰ ਬਣ ਗਿਆ ਹੈ ਤੇ ਗੁਰਦੁਆਰਾ ਸਾਹਿਬ ਦੀ ਸੇਵਾ ਹੋ ਚੁਕੀ ਹੈ। ਪਹਲਾਂ ਇਥੋ ਦੇ ਪ੍ਰਧਾਨ ਸ੍ਰ: ਬਿਸ਼ਨ ਸਿੰਘ ਜੀ ਠੇਕੇਦਾਰ ਬੜੇ ਗੁਰਮੁਖ ਸਜਨ ਸਨ, ਪਿਛਲੇ ਸਾਲ ਆਪ ਅਕਾਲ ਚਲਾਣਾ ਕਰ ਗਏ। ਹੁਣ ਉਨਾ ਦੇ ਸੁਪੁਤ੍ਰ ਸ੍ਰ: ਜੋਗਾਸਿੰਘ ਜੀ ਪ੍ਰਧਾਨ ਹਨ। ਇਥੋ ਕੋਈ ਪੰਜ ਛੇ ਮੀਲ ਜਨਵਾੜਾ ਪਿੰਡ ਵਿਚ ਮਾਈ ਭਾਗੋ ਦਾ ਅੰਤਮ ਅਸਥਾਨ ਹੈ ਜਿਥੇ ਸੰਗਤਾ ਦਰਸ਼ਨਾ ਨੂੰ ਜਾਦਿਆਂ ਹਨ।

## ਗੁਰਦੁਆਰਾ ਗੁਪਤਸਰ ਸਾਹਿਬ ਮਨਮਾੜ

॥ ਦੋਹਰਾ ॥


ਗੁਪਤ ਸਰੋਵਰ ਈਹਾਂ ਹੈ। ਪ੍ਰਭੁ ਆਏ ਬੰਦੀ ਛੋੜ ॥
ਬਾਲਾ ਰਾਓ ਅਤੇ ਰੁਸਤਮ ਰਾਓ। ਗੁਰੂ ਦੀਨੇ ਬੰਧਨ ਤੋੜ ॥

॥ ਚੌਪਾਈ ॥

ਰੁਸਤਮ ਰਾਓ ਅਤੇ ਬਾਲਾ ਰਾਓ। ਇਹ ਦੋਨੋ ਸੀ ਸੂਕੇ ਭਾਈ ॥
ਜਨਵਾੜਾ ਸ਼ਹਿਰ ਇਨਕੀ ਰਾਜਧਾਨੀ। ਲੂਟੇਂ ਪਰਜਾ ਰਾਜ ਬਗਾਨੀ ॥
ਬਾਹੂ ਬਲ ਬਹੁਮਾਨ ਧਰਾਇਆ। ਮਰਹੱਟੇ ਰਾਓ ਦਾ ਰਾਜ ਸਤਾਇਆ ॥
ਮਰਹਟੇ ਰਾਓ ਦਾ ਰਾਜ ਸਤਾਰੇ। ਕਰੀ ਲੜਾਈ ਉਨ ਬਲ ਕੋ ਧਾਰੇ ॥
ਵਿਚ ਜੰਗ ਬਹੁ ਮਾਰ ਮਚਾਈ। ਲੀਏ ਪਕੜ ਤਹਿ ਦੋਨੋ ਭਾਈ ॥



Digitized by Panjab Digital Library | www.panjabdigilib.org



Digitized by Panjab Digital Library | www.panjabdigilib.org

ਕਿਲੇ ਸਤਾਰੇ ਕੈਦੀ ਕੀਤੇ। ਦਿਤੇ ਦੁਖ ਕੇਤਕ ਦਿਨ ਬੀਤੇ॥
ਇਕ ਸਿੰਘ ਉਹਾਂ ਪਹਿਰੇਦਾਰ। ਬਾਣੀ ਪੜਦਾ ਸੀ ਵਿਚ ਪਿਆਰ॥
ਰੁਸਤਮ ਰਾਓ ਨੇ ਭਰਮ ਚੁਕਾਇਆ। ਕੈਸਾ ਮੰਤ੍ਰ ਹੈ ਇਹੁ ਗਾਂਇਆ॥
ਸਤਿਗੁਰੂ ਕੇ ਸਿੰਘ ਸਭ ਸਭਸਮਝਾਇਓ। ਕਲਿਜੁਗ ਮਹਿ ਗੁਰੂ ਨਾਨਕ ਆਇਓ।
ਤਿਸ ਗੁਰੂ ਕੀ ਗਾਦੀ ਚਾਲੀ। ਦਸਮ ਜੋਤ ਗੁਰੂ ਬੰਧ ਬਹਾਲੀ॥
ਜੋ ਕੋਈ ਸਿਮਰ ਹੋਇ ਅਨੰਦ। ਕਾਟੇ ਸਤਿਗੁਰੂ ਤਿਸ ਕੇ ਫੰਧ॥
ਬੰਦੀ ਛੋੜ ਗੁਰੂ ਜਸ ਸੁਣਾਏ। ਕਈ ਭੂਪ ਜਿਨ ਲੀਏ ਛੁਡਾਏ।
ਗੁਰੂ ਗੋਬਿੰਦਸਿੰਘ ਅੰਤਰ ਜਾਮੀ। ਭਗਤ ਜਨਾ ਕੇ ਕਰ ਹੈ ਕਾਮੀ॥
ਸੁਣਕਰ ਬਚਨ ਸ਼ਰਧਾ ਬਹੁਠਾਨੀ। ਰਾਤ੍ਰ ਦਿਵਸ ਗਾਵੇਂ ਗੁਰੂਬਾਨੀ॥
ਦੀਨ ਦਿਆਲ ਤਬ ਦਰਸਨ ਦੀਨਾ। ਅਨੰਦ ਰਿਦੇ ਬਹੁ ਭੂਪਨ ਕੀਨਾ॥
ਸਤਿਗੁਰੂ ਬੋਲੇ ਫੜੋ ਰਕਾਬ। ਯਾਦ ਕੀਆ ਤੁੰਮ ਨੇ ਉਰਧਾਰ॥

॥ ਦੋਹਰਾ ॥

ਇਹ ਅਸਥਾਨ ਪਿਆਰਿਓ ਗੁਪਤ ਸਰੋਵਰ ਜਾਨ।
ਮੰਦਰ ਓਥੇ ਸਜਤ ਹੈ ਉਂਚਾ ਗੁੰਬਜ ਮਹਾਨ॥

ਇਹ ਗੁਰਦੁਆਰਾ ਮਨਮਾੜ ਸ਼ਹਿਰ ਵਿੱਚ ਹੈ। ਜੋ ਬੰਬੇ ਮੇਲ ਲਾਈਨ ਤੇ ਇਕ ਭਾਰੀ ਰੇਲਵੇ ਜੰਗਸ਼ਨ ਹੈ। ਸ੍ਰੀ ਹਜ਼ੂਰ ਸਾਹਿਬ ਜੀ ਨੂੰ ਇਥੋਂ ਹੀ ਛੋਟੀ ਲਾਈਨ ਲਈ ਗੱਡੀ ਬਦਲਨੀ ਪੈਂਦੀ ਹੈ ਇਥੇ ਦਸਮੇਸ਼ ਪਿਤਾ ਜੀ ਨੇ ਬਾਲਾਰਾਓ ਅਤੇ ਰੁਸਤਮਰਾਓ ਦੋਨੋ ਸ਼ਾਹੀ ਕੈਦੀਆਂ ਨੂੰ ਸਤਾਰੇ ਦੇ ਕਿਲੇ ਚੋਂ ਸੋਹਣੇ ਨੀਲੇ ਦੀਆਂ ਰਕਾਬਾ ਫੜਾ ਕੇ ਲਿਆਦਾਂ ਸੀ।

ਇਥੇ ਭਾਰੀ ਜੰਗਲ ਸੀ ਸ੍ਰੀਮਾਨ ਸੰਤ ਬਾਬਾ ਨਿਧਾਨ ਸਿੰਘ ਜੀ ਨੇ ਇਸ਼ ਅਸਥਾਨ ਨੂੰ ਪ੍ਰਗਟ ਕਰਕੇ ਇਥੇ ਇਕ ਆਲੀਸ਼ਾਨ ਗੁਰਦੁਆਰਾ ਬਣਾਇਆ ਹੈ ਇਥੇ ਵੀ ਗੁਰੂ ਕਾ ਲੰਗਰ ਸੰਗਤਾ ਲਈ ਹਰ ਵਕਤ ਖੁਲਾ ਹੈ। ਇਥੋਂ ਦੇ ਜਥਦਾਰ ਭਾਃ ਨਥਾਸਿੰਘ ਜੀ ਹਨ ਜੋ ਪਹਿਲਾ ਗੁਃ ਰਤਨਗੜ੍ਹ ਵਿਚ ਕਾਫੀ ਅਰਸਾ ਸੇਵਾ ਕਰਦੇ ਰਹੇ ਹਨ।



Digitized by Panjab Digital Library | www.panjabdigilib.org

# ਹੋਰ ਦਰਸ਼ਨੀ ਗੁਰਦੁਆਰੇ ਅਤੇ ਬੁੰਗੇ

| | |
|---|---|
| ੧} ਬੁੰਗਾਂ ਮਾਈ ਭਾਗ ਕੌਰ, | ੨} ਸ੍ਰੀ ਅਕਾਲ ਬੁੰਗਾ |
| ੩} ਟਿੰਡ ਬੁੰਗਾ | ੪} ਬੁੰਗਾ ਭਾਈ ਸਾਧੂ ਸਿੰਘ |
| ੫} ਬੁੰਗਾ ਭਾ: ਸੁਖਈਸਿੰਘ | ੬} ਮਲਵਈ ਬੁੰਗਾ |
| ੭} ,, ਨਾਂਭੇ ਵਾਲਾ | ੮} ਫਰੀਦ ਕੋਟ ਬੁੰਗਾ |
| ੯} ,, ਰਾਮ ਦਾਸੀਆਂ ਸਿੰਘ, | ੧੦} ਬੁੰਗਾ ਸੰਗਤ ਬਨਜਾਰਿਆ |
| ੧੧} ,, ਧੂਪੀਆ ਸਿੰਘ, | ੧੨} ਸੜਕੀਏ ਵਾਲਾ ਬੁੰਗਾ |
| ੧੩} ,, ਚਰਾਗੀਏ ਵਾਲਾ, | ੧੪} ਬੁੰਗਾ ਭਾ: ਮਸਤਾਨ ਸਿੰਘ |
| ੧੫} ,, ਭਾ: ਵਰਿਆਮ ਸਿੰਘ | ੧੬} ਬੁੰਗਾਂ ਭਾ: ਥਾਂਨਸਿੰਘ |
| ੧੭} ,, ਤੋਸੋ ਖਾਨਾ ਵਾਲਾ | ੧੮} ਬੁੰਗਾ ਉਦਾਸੀ ਸੰਤਾਂ |
| ੧੯} ,, ਭਾ: ਭਾਗ ਸਿੰਘ | ੨੦} ਬੁੰਗਾ ਕਰਨਲ ਤਾਰਾਸਿੰਘ |
| ੨੧} ,, ਬਾਬਾ ਖੇਮਸਿੰਘ | ੨੨} ਸੰਗਤ ਬੁੰਗਾ |
| ੨੩} ,, ਬਾਰਾ ਦਰੀ ਸ਼ੇਰੇ ਪੰਜਬ | ੨੪} ਬਾਵੜੇ ਵਾਲਾ ਬੁੰਗਾ |
| ੨੫} ਨਿਰਮਲਿਆਂ ਵਾਲਾ ਬੁੰਗਾ | ੨੬} ਸੁਥਰੇ ਸ਼ਾਹੀ ਬੁੰਗਾ |
| ੨੭} ਗੁ: ਸ਼ਹੀਦ ਗੰਜ | ੨੮} ਗੁ: ਮਸੱਤਗੜ |
| ੨੯} ਗੁ: ਗੋਬਿੰਦ ਬਾਗ | ੨੦} ਬੁੰਗਾ ਹੈਡ ਪੁਜਾਰੀ ਜੀ |
| ੩੧} ਬੁੰਗਾਂ ਰਾਮ ਗੜੀਆ | |

# ਨਿਹੰਗ ਸਿੰਘ ਵਾਲਾ ਬੁੰਗਾ

ਇਹ ਅਸਥਾਂਨ ਗੁਰਦੁਆਰਾ ਲੰਗਰ ਸਾਹਿਬ ਤੋਂ ਪਛਮ ਦਿਸ਼ਾ ਨੂੰ ਸਾਹਮਣੇ ਹੀ ਸੜਕ ਦੇ ਦੂਜੇ ਬੰਨੇ ਗੁਰਦੁਆਰਾ ਨਗੀਨਾ ਘਾਟ ਤੋਂ ਚਾਲੀ, ਪੰਜਾਹ ਗਜ ਦੀ ਵਾਟ ਤੇ ਸੁਸ਼ੋਭਤ ਹੈ ਇਥੇ ਗੁਰੂ ਮਹਾਰਾਜ ਜੀਦਾ ਪਰਕਾਸ਼ ਅਸਥਾਨ ਹੈ ਅਦੇ ਗੁਰੁ ਕੀ ਲਾਡਲੀਆ ਫੌਜਾਂ ਸੂਰਬੀਰ ਨਿਹੰਗਸਿੰਘ ਗੱਜਦੇ ਹਨ। ਇਥੇ ਆਏ ਗਏ ਨਿਹੰਗ ਸਿੰਘ ਨਿਵਾਸ ਰਖਦੇ ਹਨ। ਨਾਮ



Digitized by Panjab Digital Library | www.panjabdigilib.org

ਜਪਦੇ ਤੇ ਗੁਰਬਾਣੀ ਪੜ੍ਹਦੇ ਹਨ। ਥੋੜੀ ਜਿਹੀ ਜ਼ਮੀਨ ਵੀ ਬੁੰਗੇ ਦੇ ਨਾਲ ਹੈ ਜਿਸ ਦੀ ਕਾਰ ਵਿਹਾਰ ਇਹ ਗੁਰਮੁਖ ਪਿਆਰੇ ਆਪ ਹੀ ਕਰਦੇ ਹਨ। ਇਥੇ ਦੇ ਜਥੇਦਾਰ ਭਾਃ ਆਤਮਾ ਸਿੰਘ ਨਿਹੰਗ ਸਿੰਘ ਹਨ।

**੧) ਗੁਰਦੁਆਰਾ ਧਾਵਨੀ ਮਹਲਾ** ਔਰੰਗਬਦ। ਜਦੋਂ ਦਸਮੇਸ਼ ਪਿਤਾ ਜੀ ਨੇ ਦੀਨੇ ਪਿੰਡ ਤੇ ਭਾਈ ਦਯਾਸਿੰਘ ਜੀ, ਭਾਈ ਧਰਮਸਿੰਘ ਜੀ ਨੂੰ ਜਫਰਨਾਮਾ ਦੇ ਕੇ ਔਰੰਗਜ਼ੇਬ ਪਾਸ ਭੇਜਿਆ ਸੀ ਉਸ ਵੇਲੇ ਔਰੰਗਜ਼ੇਬ ਇਥੇ ਹੀ ਠਹਿਰਿਆ ਹੋਇਆ ਸੀ, ਪੰਜ ਖਾਲਸੇ ਦੇ ਇਹ ਪੂਜਨੀਕ ਪਿਆਰੇ ਔਰੰਗਾਬਾਦ ਪੁਜਕੇ ਇਸ ਅਸਥਾਨ ਤੇ ੬ ਮਹੀਨੇ ਠਹਿਰੇ ਸਨ ਅਤੇ ਜ਼ਫਰਨਾਮਾ ਬਾਦਸ਼ਾਹ ਨੂੰ ਦੇ ਕੇ ਵਾਪਸ ਚਾਲੇ ਪਾ ਗਏ ਸਨ।

**੨) ਗੁਰਦੁਆਰਾ ਉਸਮਾਨਪੁਰਾ** ਔਰੰਗਾਬਾਦ ਖਾਲਸੇ ਦੀ ਬਹੁਤ ਵਸੋਂ ਇਸੇ ਪੁਰੇ ਵਿਚ ਹੋਣ ਕਰਕੇ ਇਹ ਗੁਰਦੁਆਰਾ ਹੁਣੇ ਹੀ ਬਣਿਆ ਹੈ ਅਤੇ ਆਈ ਸੰਗਤ ਲਈ ਰਹਿਣ ਦਾ ਪਰਬੰਧ ਹੈ।

**ਦੇਹੁਰਾ ਨਾਮ ਦੇਵਜੀ** "ਜਿਉ ਜਿਉ ਨਾਮਾ ਹਰਿ ਗੁਣ ਉਚਰੈ ਭਗਤ ਜਨਾ ਕਉ ਦੇਹੁਰਾ ਫਿਰੈ" ਅਤੇ ਫੇਰਦੀਆਂ ਦੇਹੁਰਾ ਨਾਮੇ ਕਉਂ ਇਸ ਮੰਦਰ ਦਾ ਦਰਵਾਜ਼ਾ ਹੁਣ ਤਕ ਉਸੇਤਰਾਂ ਦੂਜੇ ਪਾਸੇ ਫਿਰਿਆ ਹੋਇਆਂ ਹੈ। ਇਹ ਅਸਥਾਨ ਪਰਭਨੀ ਜ਼ਿਲੇ ਦੇ ਹਿੰਗੋਲੀ ਤਅੱਲਕੇ ਵਿਚ ਚੋਂਡੀ ਸਟੇਸ਼ਨ ਲਾਗੇ ਸੁਸ਼ੋਭਤ ਹੈ ਇਸ ਲਈ ਪੂਰਨਾ ਤੋਂ ਰੇਲਵੇ ਲਾਈਨ ਨਿਕਲਦੀ ਹੈ। ਚੋਂਡੀ ਸ਼ਟੇਸ਼ਨ ਤੋਂ ਸਵਾਰੀ ਵੀ ਮਿਲਦੀ ਹੈ ਇਧਰ ਇਸ ਮੰਦਰ ਨੂੰ ਔਂਢਾ ਨਾਗਨਾਥ ਵੀ ਬੋਲਦੇ ਹਨ।

# ਸਿਖ ਗੁਰਦੁਆਰਾ ਬੋਰਡ ਨੰਦੇੜ

ਤਖਤ ਸ੍ਰੀ ਸਚਖੰਡ ਸਚਖੰਡ ਸਾਹਿਬ ਦਾ ਪ੍ਰਬੰਧ ਸ੍ਰਕਾਰ ਨੇ ੧੯੫੯ ਈਃ ਵਿਚ ਉਕਤ ਬੋਰਡ ਬਣਾਕੇ ਪੰਥਕ ਹਥਾ ਵਿਚ ਦੇ ਦਿਤਾ ਹੈ। ਇਸ ਬੋਰਡ ਦੇ ਕੁਲ ੧੭ ਮੈਂਬ੍ਰ ਹੁੰਦੇ ਹਨ ਜਿਸ ਲਈ ਚਾਰ ਮੈਂਬ੍ਰ ਹਜੂਰੀ ਖਾਲਸਾ ਦੀਵਾਨ



Digitized by Panjab Digital Library | www.panjabdigilib.org

ਨੰਦੇੜ, ਇਕ ਮੈਂਬ੍ਰ ਚੀਫ ਖਾਲਸਾ ਦੀਵਾਨ, ਚਾਰ ਮੈਂਬ੍ਰ ਸ੍ਰੋ: ਗੁ: ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨਾਮਜ਼ਦ ਕਰਦੀ ਹੈ।, ਦੋ ਮੈਂਬ੍ਰ ਪਾਰਲੀ ਮੈਂਟ ਦੇ ਮੈਂਬ੍ਰਾ ਵਿਚੋਂ ਸਿਖ ਅਤੇ ਬਾਕੀ ਛੇ ਮੈਂਬ੍ਰ ਗਵਰਮੈਂਟ ਸਟੇਟ ਸਿਖ ਨਾਮਜ਼ਦ ਕਰਦੀ ਹੈ। ਗੁਰਦੁਆਰਾ ਸਾਹਿਬ ਦੇ ਅੰਤਰੀਵ ਪ੍ਰਬੰਧ ਲਈ ਪੰਜਾ ਮੈਬਰਾਂ ਦੀ ਇਕ ਮੈਨੇਜਿੰਗ ਕਮੇਟੀ ਬਨੀ ਹੈ ਜਿਸਦੇ ਪ੍ਰੈਸੀਡੈਂਟ ਜਿਲਾ ਦੇ ਕੁਲੈਟਰ ਸਾਹਿਬ ਜੀ ਹੋਂਦੇ ਹਨ। ਅਤੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਸਾਹਿਬ( ਸੁਬਰਾਹ )ਇਸ ਦੇ ਸੈਕਰੇਟਰੀ ਹੋਂਦੇ ਹਨ ਬਾਕੀ ਤ ਮੈਂਬ੍ਰ ਮੁਕਾਮੀ ਸਿੰਘਾਂ ਵਿਚੋਂ ਬੋਰਡ ਨਾਮਜ਼ਦ ਕਰਦਾ ਹੈ।

## ਹਜ਼ੂਰੀ ਖਾਲਸਾ

ਹਜ਼ੂਰੀ ਖਾਲਸੇ ਦੀ ਗੁਰੂ ਸ਼ਰਧਾ ਤੇ ਕੁਰਬਾਨੀਆ ਤੇ ਸਾਰੇ ਪੰਥ ਨੂੰ ਮਾਨ ਹੈ। ਜਦੋ ਵੀ ਔਕੜਾਂ ਦਾ ਸਮਾ ਆਇਆ ਇਨਾਨੇ ਹੀ ਗੁਰਦੁਆਰਾ ਸਾਹਿਬ ਦੀ ਆਨ-ਸ਼ਾਨ ਲਈ ਹਰਪ੍ਰਕਾਰ ਦੀ ਕੁਰਬਾਨੀ ਕੀਤੀ ਹੈ ਪ੍ਰੰਤੂ ਇਨਾ ਨੂੰ ਵਿਦਿਅਕ ਪਖ ਤੇ ਪਛੜੇ ਹੋਇ ਦੇਖ ਬਹੁਤ ਅਫਸੋਸ ਹੁੰਦਾ ਹੈ ਸੁਬਤ ਪੰਥਕ ਜਥੇ ਬੰਦੀਆ ਨੂੰ ਇਸ ਪਾਸੇ ਕੋਈ ਨਿਗਰ ਕੰਮ ਕਰਨਾ ਚਾਹੀਦਾ ਹੈ ਤਾ ਜੋ ਸਿਖ ਸਕੂਲ, ਮਿਸ਼ਨਰੀ ਕਾਲਜ ਅਤੇ ਦਸਤਕਾਰੀ ਸੈਂਟਰ ਖੋਲੇ ਜਾਣ ਜਿਸ ਵਿਚ ਇਨਾ ਨੂੰ ਯੋਗ ਮਾਲੀ ਸਹਾਇਤਾ ਦੇਕੇ ਉਚੀ ਪਧਰ ਤੇ ਲਿਆਂਦਾ ਜਾਵੇ। ਇਹ ਕੁਝ ਕਰਨ ਨਾਲ ਜਿਥੇ ਇਸ ਨਗਰੀ ਦੀ ਰਮਨੀਕਤਾ ਵਧੇਗੀ ਉਥੇ ਇਹ ਭਾਰੀ ਗੁਰਮਤਿ ਪ੍ਰਚਾਰ ਦਾ ਕੇਂਦਰ ਬਨ ਜਾਵੇਗਾ ਅਤੇ ਲਖਾਂਹੀ ਗੁਰੂ ਪ੍ਰੇਮੀ ਵਣਜਾਰੇ ਆਦਿ ਅੰਮ੍ਰਿਤ ਛਕਕੇ ਤਿਆਰਬਰ-ਤਿਆਰ ਸਿੰਘ ਬਣ ਜਾਣਗੇ।

ਸੋ ਇਥੇ ਇਸ ਪੁਸਤਕ ਦੀ ਸਮਾਪਤੀ ਕਰਕੇ ਦਾਸ ਇਸ ਵਿਚ ਰਹਿ ਗਈਆਂ ਤਰੁਟੀਆਂ ਲਈ ਖਿਮਾ ਦਾ ਜਾਚਕ ਹੈ। ਆਸ ਹੈ ਗੁਰੂ ਰੂਪ ਸਾਧ ਸੰਗਤ ਇਸੇਤਰਾ ਆਪਨਾ ਮਿਹਰ ਭਰਿਆ ਹਥ ਦਾਸ ਦੇ ਸੀਸ ਤੇ ਰਖਕੇ ਇਹ ਮਹਾਨ ਸੇਵਾ ਲੈਂਦੀ ਰਹੇਗੀ।

: ਦਾਸ :

ਹਰਨਾਮਸਿੰਘ ਸੇਵਕ



Digitized by Panjab Digital Library | www.panjabdigilib.org

# ਬੇਨਤੀ

। ਬੈਂਤ ।।


ਸੁਣੋ ਖਾਲਸਾ ਜੀ ਹੁਰਾਂ ਮਿਹਰ ਕੀਤੀ ।
ਹਥ ਦਾਸ ਦੇ ਸੀਸ ਰਖਾਇਆ ਜੀ ॥
ਕਾਰਜ ਆਪਣਾ ਆਪ ਸਵਾਰ ਲੈਂਦੇ ।
ਐਪਰ ਸੇਵਕਾਂ ਮਾਨ ਵਧਾਇਆ ਜੀ ॥
ਮਾਹਿ ਜਨਵਰੀ ਪੰਧਰਵਾਂ ਦਿਨ ਹੋਸੀ ।
ਉਨੀ ਸੌ ਉਨੰਜਾ ਲਿਖਾਇਆ ਜੀ ॥
ਚੋਪਈ, ਦੋਹਰੇ, ਬੈਂਤ ਕਵਿਤ ਕਵਿਤਾ ।
ਤੁਛ ਬੁਧੀ ਦੇ ਨਾਲ ਬਣਾਇਆ ਜੀ ॥
ਪਾਵਨ ਗੁਰੂ ਅਸਥਾਨ ਅਪਾਰ ਮਹਿਮਾ ।
ਅੰਤ ਨਹੀਂ, ਬੇਅੰਤ ਜਤਾਯਾ ਜੀ ॥
ਗੁਣੀ ਸੱਜਨੋ ਕਰਨੀਆਂ ਮਾਫ ਭੁੱਲਾਂ ।
ਹਥ ਜੋੜ ਗਲ ਪਲੜਾ ਪਾਇਆ ਜੀ ॥
ਨਾ ਮੈ ਚਤੁਰ, ਨ ਵਖਰ ਹੈ ਸ਼ਾਇਰੀ ਜੀ ।
ਸੇਅਰ, ਸਜਨੋ ਲਿਖਣ ਨ ਆਇਆ ਜੀ ॥
ਦਾਸ ਕਹੇ ਹਰਨਾਮਸਿੰਘ ਕੌਣ ਉਪਮਾ ।
ਲਿਖੀ ਵਾਰਤਾ ਗੁਰੂ ਫੁਰਮਾਇਆ ਜੀ ॥

॥ ਦੋਹਰਾ ॥

ਇਹ ਗਾਥਾ ਸ਼ੁਭ ਰਚੀ ਹੈ, ਸ੍ਰੀ ਹਜ਼ੂਰੀ ਦੀਦਾਰੇ ।
ਅਵਗੁਣ ਮੇਰੇ ਬਖਸ਼ਿਓ ਗੁਰੂ ਕੇ ਸਿੰਘ ਪਿਯਾਰੇ ॥


* ਸੰਪੂਰਨ *

Digitized by Panjab Digital Library | www.panjabdigilib.org



ਪੰਥ ਰਤਨ
ਸ਼ੰਤ ਹਰਨਾਮ ਸਿੰਘ ਜੀ

Digitized by Panjab Digital Library | www.panjabdigilib.org



ਸੁਰਗਵਾਸੀ ਸੰਤ ਬਾਬਾ ਨਿਧਾਨਸਿੰਘਜੀ

B-1548

Digitized by Panjab Digital Library | www.panjabdigilib.org

# ਹਜ਼ੂਰੀ ਦੀਦਾਰੇ

ਪੰਥ ਰਤਨ ਸ੍ਰੀਮਾਨ ੧੦੮ ਸੰਤ ਹਰਨਾਮ ਸਿੰਘ ਜੀ ਨੇ ਇਹ ਪੁਸਤਕ ਲਿਖਕੇ ਇਕ ਭਾਰੀ ਪ੍ਰਉਪਕਾਰ ਤੋਂ ਛੁਟ ਪੰਥ ਦੀ ਇਕ ਭਾਰੀ ਲੋੜ ਨੂੰ ਪੂਰਾ ਕੀਤਾ ਹੈ । ਇਸ ਵਿਚ ਸਾਰੇ ਹਜੂਰੀ ਗੁਰਦੁਆਰਿਆਂ ਦਾ ਸੰਖੇਪ ਹਾਲ ਬੜੀ ਡੂੰਘੀ ਤੇ ਸ਼ਲਾਘਾ ਯੋਗ ਇਤਹਾਸਕ ਖੋਜ ਕਰਨ ਪਿਛੋਂ ਬੈਤਾਂ ਅਤੇ ਵਾਰਤਕ ਵਿਚ ਵਰਣਿਆ ਹੈ ਅਸ਼ੀ ਬਾਰੇ ਸੰਤ ਜੀ ਨੂੰ ਇਸ ਪੰਥਕ ਸੇਵਾ ਲਈ ਦਿਲੀ ਪ੍ਰਸੰਸਾ ਦੇਂਦੇ ਹਾਂ ਆਪ ਇਕ ਪੂਰਨ ਮਹਾਤਮਾ ਦੇ ਦਰਸ਼ਨ ਯੋਗ ਉਚ ਹਸਤੀ ਹਨ । ਆਪ ਸ੍ਰੀਮਾਨ ਸੰਤ ਬਾਬਾ ਨਿਧਾਨਸਿੰਘ ਜੀ ਮਹਾਰਾਜ ਜੀ ਦੇ ਜੋਤੀ ਜੋਤ ਸਮਾਉਣ ਤੇ ਬਚਪਨ ਤੋਂ ਲੈਕੇ ਹੁਨ ਤਕ ਗੁ: ਲੰਗਰ ਸਾਹਿਬ ਦੀ ਮਹਾਨ ਸੇਵਾ ਤਨੋਂ ਮਨੋਂ ਹੋ ਉਸੇ ਤਰਾਂ ਬਹੁਤ ਹੀ ਸਲਾਘਾ ਯੋਗ ਨਿਭਾ ਰਹੇ ਹਨ ਆਸ ਹੈ ਪਾਠਕ ਸਜਨ ਇਸ ਪੁਸਤਕ ਨੂੰ ਬਹੁਤ ਹੀ ਅਪਨਾਉਨਗੇ ਅਤੇ ਇਸ ਨੂੰ ਹਜੂਰੀ ਤੋਹਫਾ ਸਮਝਕੇ ਅਪਨੇ ਪਾਸ ਰਖਨ ਦੀ ਕਿਰਪਾਲਤਾ ਕਰਨਗੇ ।

: ਅਸੀਹਾਂ ਆਪਜੀ ਦੇ ਦਾਸ :

| | |
|---|---|
| ਸ੍ਰੀਮਾਨ ਸੰਤ ਜੋਗਿੰਦਰਸਿੰਘ ਜੀ | ਹੈਡ ਪੁਜਾਰੀ |
| ਭਾ: ਸਾ; ਭਾ: ਮੋਹਨਸਿੰਘ ਜੀ | ਮੀਤ ਪੁਜਾਰੀ |
| ਸ੍ਰੀਮਾਨ ਸੋਢੀ ਦੀਵਾਨਸਿੰਘ ਜੀ | ਹੈਡ ਗ੍ਰੰਥੀ |
| ਭਾ: ਜਗਤਸਿੰਘ ਜੀ | ਮੀਤ ਗ੍ਰੰਥੀ |
| ਭਾ: ਰਾਮਸਿੰਘ ਜੀ ਧੂਪਿਆ | ਗਿਆਨੀ ਰਾਮਸਿੰਘ ਜੀ |

Digitized by Panjab Digital Library | www.panjabdigilib.org

# ਸੰਤ ਬਾਬਾ ਨਿਧਾਨ ਸਿੰਘ ਜੀ ਮਹਾਰਾਜ

ਆਪ ਜੀ ਦਾ ਜਨਮ ਪਿੰਡ ਨਵੋਲਾ {ਜਿਲਾ ਹੁਸਿਆਰਪੁਰ} ਵਿਚ ਉਤਮ ਸਿੰਘ ਜੀ ਦੇ ਗ੍ਰਹਿ ੧੮੮੨ ਈਃ ਵਿਚ ਹੋਇਆ ਪਹਿਲਾ ਘਰ ਹੀ ਭਜਨ ਬੰਦਗੀ ਵਿਚ ਲੀਨ ਰਹੇ ਫਿਰ ਪੰਜ ਨੰਬ੍ਰ ਰਸਾਲਾ ਝਾਂਸੀ ਵਿਚ ਪੰਜ ਛੇ ਮਹੀਨੇ ਨੌਕਰੀ ਕੀਤੀ ਉਪ੍ਰੰਤ ਸ੍ਰੀ ਹਜੂਰ ਸਾਹਿਬ ਪੁਜੇ ਤੇ ਇਥੇ ਠੰਡਾ ਜਲ ਛਕਾਉਣ ਦੀ ਸੇਵਾ ਅਰੰਭੀ ਆਪ ਸਾਰੀ ਸਾਰੀ ਰਾਤ ਪ੍ਰਕਰਮਾ ਵਿਚ ਇਕਤਾਰੇ ਨਾਲ ਕੀਰਤਨ ਦਾ ਰਸ ਮਾਨਦੇ ਰਹਿੰਦੇ ਸਨ ਕੋਈ ੧੨ ਸਾਲ ਦੀ ਕਠਿਨ ਤਪਸਿਆ ਉਪ੍ਰੰਤ ਚੋਜੀ ਪ੍ਰੀਤਮ ਦਾ ਵਰ ਹੋਇਆ ਖੀਸਾ ਮੇਰਾ ਹਥ ਤੇਰਾ, ਲੰਗਰ ਤੇ ਲੰਗਰ ਚਲਾਉ। ਉਸ ਵੇਲੇ ਇਥੇ ਭਾਰੀ ਜੰਗਲ ਸੀ ਹੁਣ ਉਨਾ ਦੀ ਅਂਨਥਕ ਗੁਰ ਸੇਵਾ ਸਦਕਾ ਜੰਗਲ ਵਿਚ ਮੰਗਲ ਲਗ ਗਿਆ ਹੈ। ਅਜਭਾਵੇਂ ਆਪਜੀ ਸ੍ਰੀਰ ਕਰਕੇ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ ਪ੍ਰੰਤੂ ਉਨਾ ਦੀ ਲਾਈ ਅਮਰ ਫੁਲਵਾੜੀ ਅਠੋ ਪਹਿਰ ਅਤੁਟ ਲੰਗਰ ਵਰਤ ਰਿਹਾ ਹੈ ਕਾਫੀ ਕਮਰੇ ਵੀ ਬਨ ਰਹੇ ਹਨ ਜਿਥੇ ਸੰਗਤਾ ਸੁਖ ਮਾਣਦੀਆਂ ਹਨ ਆਪ ਜੀ ਦੀ ਅੰਤਮ ਯਾਦ ਅੰਗੀਠਾ ਸਾਹਿਬ ਬਣਾਕੇ ਸਾਹਿਬਾਂ ਦਾ ਪ੍ਰਕਾਸ਼ ਕੀਤਾ ਗਿਆ ਹੈ।

ਗੁਰੂ ਨਾਨਕ ਪ੍ਰੈਸ, ਨਾਂਦੇੜ

Digitized by Panjab Digital Library | www.panjabdigilib.org